ISSN 0972-2335

# ਅੰਮ੍ਰਿਤ ਕੀਰਤਨ




ਚਿੰਤਾ ਤਾ ਕੀ ਕੀਜੀਐ

ਜੋ ਅਨਹੋਨੀ ਹੋਇ ॥

ਇਹੁ ਮਾਰਗੁ ਸੰਸਾਰ ਕੋ

ਨਾਨਕ ਥਿਰੁ ਨਹੀ ਕੋਇ ॥



ਜੋ ਉਪਜਿਓ ਸੋ ਬਿਨਸਿ ਹੈ

ਪਰੋ ਆਜੁ ਕੈ ਕਾਲਿ ॥

ਨਾਨਕ ਹਰਿ ਗੁਨ ਗਾਇ ਲੇ

ਛਾਡਿ ਸਗਲ ਜੰਜਾਲ ॥

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮਈ 2021

ਮੁੱਲ 15/-



## ਬੁੱਧਵਾਰ (ਭਾਗ -2)

ਲੱਖਾਂ ਅਤੇ ਕਰੋੜਾਂ ਵਿਚ ਖੇਡਦੇ ਨੇ,
ਕਦੇ ਲੈਂਦੇ ਸਨ ਚੀਜ਼ਾਂ
ਉਧਾਰੀਆਂ ਨੀ ।
ਤੇਜ ਰੱਬ ਇਕਬਾਲ ਹੈ ਉੱਚ ਦਿਤਾ,
ਮਨ ਮੂਰਖਾਂ ਭਖਣ ਚੰਗਾਰੀਆਂ
ਨੀ ।
ਰੱਬੀ ਦਾਤ ਚਾਹੇ ਜਿਸ ਨੂੰ ਆਪ ਦੇਵੇ,
ਨਹੀਂ ਪੁੱਜਦੇ ਬੰਦੇ ਉਡਾਰੀਆਂ
ਨੀ ।
ਜਿਹੜੇ ਪਾਣੀ ਗਲਾਸ ਨ ਪੁੱਛਦੇ ਸੀ,
ਮੱਥੇ ਵਟਦੇ ਤਿਉੜੀਆਂ
ਚਾੜ੍ਹੀਆ ਨੀ ।
ਸਾਹਮਣੇ ਵੇਖ ਕੇ ਜੋ ਮੂੰਹ ਫੇਰ ਲੈਂਦੇ,

## बुधवार (भाग – 2)

लरवां अते करोड़ां विच खेडदे ने,
कदे लैंदे सन चीज़ां
उधारियां नी ।
तेज रब इकबल है उच्च दिता,
मन मूर्खा भरवण
चंगारियां नी ।
रब्बी दात चाहे जिसनूं आप देवे,
नहीं पुजदे बन्दे उडारियां
नी ।
जिहड़े पाणी गलास न पुछदे सी,
मत्थे वटदे त्योड़ीआं
चाढ़ियां नी ।
साहमणे वेरव के जो मुंह फेर लैंदे,

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਬੁੱਧਵਾਰ (ਭਾਗ-2)
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਸ਼ਰਧਾਂਜਲੀਆਂ- ਵਾਰੀ ਆਪੋ ਆਪਣੀ 2

ਗੁਰੂ ਤੇਗ ਬਹਾਦਰ ਜੀ ਦਾ ਗੁਰਮਤਿ ਸੰਗੀਤ
ਵਿਚ ਯੋਗਦਾਨ-ਡਾ.ਗੁਰਨਾਮ ਸਿੰਘ 6

ਗੁਰੂ ਅਰਜਨ ਦੇਵ ਜੀ ਦਾ ਗੁਰਮਤਿ ਸੰਗੀਤ
ਵਿਚ ਯੋਗਦਾਨ-ਡਾ.ਗੁਰਨਾਮ ਸਿੰਘ 8

ਗੁਰੂ ਅਮਰਦਾਸ ਜੀ ਦਾ ਗੁਰਮਤਿ ਸੰਗੀਤ
ਵਿਚ ਯੋਗਦਾਨ-ਡਾ.ਗੁਰਨਾਮ ਸਿੰਘ 10

ਬਾਬਾਣੇ ਘਰ ਚਾਨਣ ਲਹਿਣਾ
ਡਾ. ਕੰਵਲਜੀਤ ਸਿੰਘ 12

ਸਿਰਮੌਰ ਕੀਰਤਨੀਆਂ:ਪਦਮਸ਼੍ਰੀ ਭਾਈ ਨਿਰਮਲ ਸਿੰਘ
ਖਾਲਸਾ-ਪ੍ਰੋ. ਹਰਭਜਨ ਸਿੰਘ ਧਾਰੀਵਾਲ 16

ਇਕੱਵੀਂ ਸਦੀ ਦੇ ਪੰਜਾਬੀ ਸ਼ਾਇਰ ਗਰੇਵਾਲ ਨੂੰ
ਸ਼ਰਧਾਂਜਲੀ-ਪ੍ਰੋ. ਹਿੰਮਤ ਸਿੰਘ 18

ਸੁਰ ਲਿਪੀ -ਰਾਗੁ ਗਉੜੀ (ਭੈਰਵ ਥਾਟ)
ਹਰਭਜਨ ਸਿੰਘ ਚੋਪੜਾ 20

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-3


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਕਰਉ ਬੇਨੰਤੀਆ

## ਸ਼ਰਧਾਂਜਲੀਆਂ- ਵਾਰੀ ਆਪੋ ਆਪਣੀ

### ਭਾਈ ਕਰਮ ਸਿੰਘ ਰਤਨ

ਭਾਈ ਕਰਮ ਸਿੰਘ ਰਤਨ ਮੇਰੇ ਮਿੱਤਰ ਸਨ। ਸਾਡਾ ਸਬੰਧ 1965 ਤੋਂ ਬਣਿਆ ਸੀ। ਪਿਤਾ ਜੀ ਨੇ ਜਦੋਂ ਫਤਹਿਗੜ੍ਹ ਸਾਹਿਬ ਕੀਰਤਨ ਦੀ ਸੇਵਾ ਆਰੰਭ ਕੀਤੀ ਤਾਂ ਭਾਈ ਕਰਮ ਸਿੰਘ ਜੀ ਤਬਲਾ ਵਜਾਉਣ ਲਈ ਉਹਨਾਂ ਨਾਲ ਨਿਯੁਕਤ ਹੋਏ ਸਨ। ਉਮਰ ਵਿੱਚ ਉਹ ਮੇਰੇ ਤੋਂ 8-9 ਸਾਲ ਵੱਡੇ ਸਨ ਪਰ ਸਾਡਾ ਸਨੇਹ ਹਾਣੀਆਂ ਵਾਲਾ ਸੀ। ਵਧੀਆ ਸੰਗੀਤ ਸੁਣਨਾ ਅਤੇ ਫਿਰ ਆਪ ਉਸ ਤਰ੍ਹਾਂ ਦੀ ਤਿਆਰੀ ਕਰਨਾ ਉਹਨਾਂ ਦਾ ਸ਼ੌਕ ਸੀ। ਉਹਨਾਂ ਨੂੰ ਲਿਖਣ ਅਤੇ ਡਰਾਇੰਗ ਕਰਨ ਦਾ ਵੀ ਸ਼ੌਕ ਸੀ। ਜਦੋਂ ਉਹਨਾਂ ਨੇ ਆਪਣਾ ਜਥਾ ਬਣਾ ਕੇ ਕੀਰਤਨ ਦੀ ਸੇਵਾ ਅਰੰਭ ਕੀਤੀ ਤਾਂ ਕੁਝ ਸਮਾਂ ਮੈਂ ਵੀ ਉਹਨਾਂ ਨਾਲ ਦਿੱਲੀ ਤਿਲਕ ਨਗਰ ਡੇਰਾ ਸੰਤ ਪੁਰਾ ਵਿਖੇ ਸਹਾਇਕ ਰਾਗੀ ਦੇ ਤੌਰ ਤੇ ਕੀਰਤਨ ਕਰਦਾ ਰਿਹਾ ਹਾਂ। ਬਾਅਦ ਵਿੱਚ ਉਹਨਾਂ ਨੇ ਸਹਾਰਨ ਪੁਰ, ਮੇਰਠ, ਮੁਰਾਦਾਬਾਦ ਲਖਨਊ,ਪਟਨਾ ਸਾਹਿਬ, ਚੰਡੀਗੜ੍ਹ,ਲੁਧਿਆਣਾ ਆਦਿ ਸਥਾਨਾਂ ਤੇ ਕੀਰਤਨ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਥਾਈਲੈਂਡ ਮਾਲੇਸ਼ੀਆ ਸਿੰਘਾਪੁਰ, ਯੂਰਪ, ਅਮਰੀਕਾ ਆਦਿ ਵਿਦੇਸ਼ਾਂ ਵਿੱਚ ਵੀ ਕੀਰਤਨ ਦੀ ਸੇਵਾ ਕਰਦੇ ਰਹੇ। ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਉਹ ਬਹੁਤ ਚਹੇਤੇ ਕੀਰਤਨੀਏ ਸਨ। 'ਅੰਮ੍ਰਿਤ ਕੀਰਤਨ' ਨਾਲ ਉਹ ਆਰੰਭ ਤੋਂ ਹੀ ਜੁੜੇ ਰਹੇ। ਉਹਨਾਂ ਮੈਗਜ਼ੀਨ ਲਈ ਅਨੇਕਾਂ ਲੇਖ ਲਿਖੇ। ਉਹਨਾਂ ਦੀ ਜੀਵਨੀ ਵੀ ਲੜੀ ਵਾਰ ਪ੍ਰਕਾਸ਼ਿਤ ਹੁੰਦੀ ਰਹੀ ਹੈ। ਉਹਨਾਂ ਦੀਆਂ ਲਿਖਤਾਂ ਕੀਰਤਨ, ਕੀਰਤਨੀਆਂ ਅਤੇ ਗੁਰਦੁਆਰਾ ਪ੍ਰਬੰਧ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਹਨ। ਮੈਂ ਭਰੇ ਮਨ ਨਾਲ ਉਹਨਾਂ ਨੂੰ ਸ਼ਰਧਾਂਜਲੀ ਅਰਪਨ ਕਰ ਰਿਹਾ ਹਾਂ।

### ਪ੍ਰੋਫੈਸਰ ਗੁਰਮੁਖ ਸਿੰਘ ਸਹਿਗਲ

ਪਿਛਲੇ ਦਿਨੀ ਸਾਡੇ ਮਿਤਰ ਪ੍ਰੋ ਗੁਰਮੁਖ ਸਿੰਘ ਸਹਿਗਲ ਅਕਾਲ ਚਲਾਣਾ ਕਰ ਗਏ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਉਹਨਾਂ ਦਾ ਵਿਸ਼ੇਸ਼ ਸਥਾਨ ਹੈ। ਉਹ ਆਪਣੇ ਨਾਵਲਾਂ ਵਿੱਚ ਪੰਜਾਬੀ ਦੀ ਉਪ ਬੋਲੀ ਹਿੰਦਕੋ ਅਤੇ ਅਫਗਾਨਿਸਤਾਨ ਦੇ ਸੂਬਾ ਸਰਹਦ ਵਿਚ ਵਸਦੇ ਹਿੰਦੂ-ਸਿੱਖਾਂ ਦੇ ਸਭਿਆਚਾਰ ਦੇ ਲੋਕ ਜੀਵਨ ਨੂੰ ਪੇਸ਼ ਕਰਨ ਵਾਲੇ ਸਾਹਿਤਕਾਰ ਸਨ। ਉਹ ਸੰਗੀਤ ਦੇ ਕਲਾਸੀਕਲ ਗਾਇਕ ਅਤੇ ਵਿਦਵਾਨ ਸਨ। ਬਹੁਤ ਸਮਾਂ ਪਹਿਲਾਂ ਉਹਨਾਂ ਦੀ ਸੰਸਾਰ ਦੇ ਪ੍ਰਸਿੱਧ ਸੰਗੀਤਕਾਰਾਂ ਬਾਰੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਕ ਪੁਸਤਕ ਪ੍ਰਕਾਸ਼ਿਤ ਹੋਈ ਸੀ। ਗੁਰਮਤਿ ਸੰਗੀਤ ਨਾਲ ਸਬੰਧਤ ਉਹਨਾਂ ਨੇ ਇੱਕ ਨਾਟਕ ਲਿਖਿਆ ਸੀ ਜੋ ਅਸੀਂ 'ਅੰਮ੍ਰਿਤ ਕੀਰਤਨ' ਵਿੱਚ ਪ੍ਰਕਾਸ਼ਿਤ ਕੀਤਾ ਸੀ। ਭਾਰਤੀ ਸੰਗੀਤ ਨਾਲ ਸਬੰਧਤ ਉਹਨਾਂ ਨੇ ਨਾਵਲ 'ਸਰਗਮ' ਲਿਖਿਆ ਸੀ ਜਿਸ ਵਿੱਚ ਉਹਨਾਂ ਨੇ ਬੰਬਈ ਵਿੱਚ ਰਹਿੰਦੇ ਸੰਗੀਤਕਾਰਾਂ ਦੇ ਜੀਵਨ ਦੇ ਹਾਲਾਤ ਨੂੰ ਬਿਆਨ ਕੀਤਾ ਹੈ। ਮੁੰਬਈ ਤੋਂ ਉਹਨਾਂ ਦੇ ਪਰਮ ਮਿੱਤਰ ਬਹੁਤ ਪਿਆਰੇ ਸੰਗੀਤਕਾਰ ਮੁਹਿੰਦਰਜੀਤ ਸਿੰਘ ਨੇ ਉਹਨਾਂ ਨੂੰ ਸ਼ਰਧਾਂਜਲੀ ਅਰਪਨ ਕਰਨ ਲਈ ਸਾਨੂੰ ਬੜੀ ਭਾਵ ਪੂਰਤ ਲਿਖਤ ਭੇਜੀ ਹੈ-

ਇਕ ਅਨੋਖਾ ਸੂਫੀ ਫਕੀਰ---ਗੁਰਮੁਖ ਸਿੰਘ ਸਹਿਗਲ ਦਾ ਜਿਹੋਜਿਹਾ ਨਾਂ ਸੀ ਉਹ ਉਹੋ ਜਿਹੀ ਹੀ ਸ਼ਖਸੀਅਤ ਦਾ ਮਾਲਕ ਸੀ। ਉਹ ਕਿਸੇ ਜਾਣਪਛਾਣ ਦਾ ਮੁਹਤਾਜ ਨਹੀਂ ਸੀ। ਸਾਹਿਤ ਦੇ ਖੇਤਰ ਵਿੱਚ ਉਹ ਕਾਫੀ ਪ੍ਰਸਿੱਧ ਸੀ। ਮੈਂ ਉਹਨਾਂ ਨੂੰ ਫਕੀਰ ਇਸ ਲਈ ਕਿਹਾ ਹੈ ਕਿ ਉਹਨਾਂ ਨੇ ਕੇਵਲ ਦਿੱਤਾ ਹੀ ਦਿੱਤਾ ਹੈ ਕਦੀ ਕਿਸੇ ਤੋਂ ਮੰਗਿਆ ਕੁਝ ਨਹੀਂ। ਉਹਨਾਂ ਦੇ ਦੇਹਾਂਤ ਦੀ ਖਬਰ ਸੁਣਕੇ ਬੇਸਾਖਤਾ ਹੀ ਮੇਰੇ ਹੱਥ ਅਸਮਾਨ ਵੱਲ ਉੱਠੇ ਉਸ ਪਰਮ ਪਿਤਾ ਨਾਲ ਇਹੀ ਸ਼ਿਕਵਾ ਕਰਨ ਲਈ ਕਿਹੇ ਪਰਮਾਤਮਾ ਕੁਝ ਕੁ ਸਾਲ ਹੋਰ ਦੇ ਦਿੰਦਾ ਤਾਂ

ਕਿ ਉਹ ਆਪਣੇ ਅਧੂਰੇ ਸੁਪਨੇ ਪੂਰੇ ਕਰ ਲੈਂਦੇ।ਕਰੋਨਾ ਤਾਂ ਇੱਕ ਬਹਾਨਾ ਏ। ਤੇਰੇ ਕੋਲ ਤਾਂ ਹਰ ਬਿਮਾਰੀ ਦਾ ਇਲਾਜ ਹੈ।ਸਹਿਗਲ ਸਾਹਿਬ ਉੱਚ ਕੋਟੀ ਦੇ ਵਿਦਵਾਨ, ਲੇਖਕ, ਪੰਜ ਛੇ ਜ਼ਬਾਨਾਂ ਦੇ ਮਾਹਿਰ ਤੇ ਇਹਨਾਂ ਜ਼ਬਾਨਾਂ ਦੀ ਸ਼ਾਇਰੀ ਦੀ ਗਹਿਰੀ ਸੂਝ ਰਖਦੇ ਸਨ। ਉਸ ਤੋਂ ਇਲਾਵਾ ਇੱਕ ਵਿਦਵਾਨ ਸੰਗੀਤਕਾਰ, ਚੰਗੇ ਗਾਇਕ ਤੇ ਅਧਿਆਪਕ ਵੀ ਸਨ।ਮੇਰੀ ਪਹਿਲੀ ਮੁਲਾਕਾਤ ਉਹਨਾਂ ਨਾਲ ਇਕ ਰਿਕਾਰਡਿੰਗ ਦੇ ਦੌਰਾਨ ਹੋਈ ਸੀ ਜਦੋਂ ਮੈਂ 'ਟਾਈਮਜ਼ ਮਿਊਜ਼ਿਕ' ਵਾਸਤੇ ਸਿੱਖੀ ਨਾਲ ਸਬੰਧਤ ਇੱਕ ਐਲਬਮ ਰਿਕਾਰਡ ਰਿਹਾ ਸੀ।ਇਸ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੇ ਪੰਜਾਬੀ ਦੇ ਕਈ ਪਰਚਿਆਂ ਵਿੱਚ ਇਸ ਦੀ ਚਰਚਾ ਕੀਤੀ। ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ ਰੋਸ਼ਨ-ਜ਼ਮੀਰ,ਸੂਫੀ ਫਕੀਰ ਅਤੇ ਉਹਨਾਂ ਵਿੱਚੋਂ ਇੱਕ ਜਿਹੜੇ ਇਸ ਧਰਤੀ ਦਾ ਤਵਾਜ਼ਨ ਕਾਇਮ ਰਖਦੇ ਹਨ----ਕਦੀ ਨਹੀਂ ਭੁਲਾਇਆ ਜਾ ਸਕੇਗਾ।--- ਅਸੀਂ ਇਸ ਵਿਦਵਾਨ ਮਿੱਤਰ ਨੂੰ ਸ਼ਰਧਾਂਜਲੀ ਅਰਪਨ ਕਰਦੇ ਹਾਂ। (ਮੁਹਿੰਦਰਜੀਤ ਸੰਗੀਤਕਾਰ ਮੁਬਾਇਲ-98200 86756)

## ਪ੍ਰੋਫੈਸਰ ਕੁਲਵੰਤ ਸਿੰਘ ਗਰੇਵਾਲ ਜੀ

ਕੁਲਵੰਤ ਗਰੇਵਾਲ ਜੀ ਨੂੰ ਯਾਦ ਕਰਦਾ ਹਾਂ ਤਾਂ ਆਪਣੇ ਪਰਿਵਾਰ ਦੇ ਇੱਕ ਹੋਰ ਨਾਯਾਬ ਹੀਰੇ ਦੀ ਯਾਦ ਆਉਂਦੀ ਮੇਰੇ ਭੂਆ ਜੀ ਦੇ ਪੁੱਤਰ ਜੋਗਿੰਦਰ ਸਿੰਘ ਹੀਰ ਦੀ।ਮੇਰਾ ਮੇਲ ਕੁਲਵੰਤ ਗਰੇਵਾਲ ਜੀ ਨਾਲ 1968 -69 ਵਿੱਚ ਉਹਨਾਂ ਨਾਲ ਹੀ ਹੋਇਆ ਸੀ।ਮੇਰੀ ਕੁਝ ਸਮਾਂ ਗੁਰਦੁਆਰਾ ਮੋਤੀ ਬਾਗ ਵਿੱਖੇ ਕੀਰਤਨ ਦੀ ਡੀਊਟੀ ਲੱਗੀ ਸੀ। ਉਦੋਂ ਗਰੇਵਾਲ ਜੀ ਉਥੇ ਨੇੜੇ ਹੀ ਇੱਕ ਸਥਾਨ ਜਿਸ ਨੂੰ 'ਕੁਤਾਖਾਨਾ' ਕਿਹਾ ਜਾਂਦਾ ਸੀ ਰਹਿੰਦੇ ਸਨ।ਉਹ ਗੁਰਦੁਆਰਾ ਸਾਹਿਬ ਵੀ ਆਉਂਦੇ ਸਨ। ਉਹਨਾਂ ਦੇ ਗੁਰਦੁਆਰਾ ਸਾਹਿਬ ਆ ਕੇ ਮੱਥੇ ਟੇਕਣ ਦਾ ਅੰਦਾਜ਼ ਵੱਖਰਾ ਹੀ ਸੀ। ਜਾਪਦਾ ਸੀ ਕਿ ਉਹ ਸਮੇਂ ਕਿਸੇ ਸਰੂਰ ਵਿੱਚ ਰਹਿੰਦੇ ਸਨ।ਮੁਸਕਰਾਉਂਦਿਆਂ ਬੜੇ ਮੋਹ ਨਾਲ ਮਿਲਦੇ । ਆਮ ਤੌਰ ਗੱਲ ਕਰਦਿਆਂ ਕਿਸੇ ਨਾਲ ਨਜ਼ਰ ਨਹੀਂ ਸੀ ਮਿਲਾਉਂਦੇ।ਮੈਨੂੰ ਇਹ ਸਾਰਾ ਕੁਝ ਬੜਾ ਆਕਰਸ਼ਣ ਭਰਿਆ ਲੱਗਦਾ ਸੀ। ਜੋਗਿੰਦਰ ਸਿੰਘ ਹੀਰ ਤੇ ਗਰੇਵਾਲ ਸਾਹਿਬ ਉਦੋਂ ਸ਼ਾਇਦ ਮਹਿੰਦਰਾ ਕਾਲਜ ਪੜ੍ਹਦੇ ਸਨ।ਜਦੋਂ ਇਹ ਆਪਸ ਵਿੱਚ ਗੱਲਬਾਤ ਕਰਦੇ ਤਾਂ ਬੜੇ ਸਿਆਣੇ ਜਾਪਦੇ ਸਨ। ਮੈਂ ਮਨ ਹੀ ਮਨ ਇਹਨਾਂ ਨੂੰ ਆਪਣਾ ਰੋਲ ਮਾਡਲ ਬਣਾ ਬੈਠਾ ਸਾਂ। ਉਦੋਂ ਮੈ ਗਿਆਨੀ ਪਾਸ ਕਰ ਲਈ ਸੀ ਤੇ ਹੁਣ ਐਫ ਏ ਅੰਗਰੇਜ਼ੀ ਦਾ ਇਮਤਿਹਾਨ ਪਾਸ ਕਰਨ ਲਈ ਤਰਲੇ ਲੈ ਰਿਹਾ ਸਾਂ।ਅੰਗਰੇਜ਼ੀ ਬਹੁਤ ਕਮਜ਼ੋਰ ਸੀ। ਐਫ ਏ ਦਾ ਇਮਿਤਿਹਾਨ ਮੈਂ ਤੀਜੀ ਵਾਰੀ ਪਾਸ ਕੀਤਾ ਸੀ।ਉਂਜ ਪੜ੍ਹਨ ਦਾ ਬਹੁਤ ਸ਼ੌਕ ਸੀ ਪਰ ਪਾਸ ਹੋਣ ਲਈ ਨੰਬਰ ਲੈਣ ਦਾ ਤਰੀਕਾ ਮੈਨੂੰ ਨਹੀਂ ਸੀ ਆਉਂਦਾ। ਗਰੇਵਾਲ ਸਾਹਿਬ ਕਈ ਵਾਰ ਪੜ੍ਹਨ ਦਾ ਤਰੀਕਾ ਵੀ ਸਮਝਾਉਂਦੇ ਸਨ।ਗੁਰਮਤਿ ਸੰਗੀਤ ਵਿਭਾਗ ਵਿੱਚ ਉਹ ਡਾ਼ ਗੁਰਨਾਮ ਸਿੰਘ ਨੂੰ ਹਮੇਸ਼ਾ ਸ਼ਾਬਾਸ਼ੀ ਦਿੰਦੇ ਰਹੇ ਹਨ।ਵੱਖ ਸਮਾਗਮਾਂ ਅਤੇ ਸੈਮੀਨਾਰਾਂ ਵਿੱਚ ਉਹਨਾਂ ਦੀ ਸ਼ਮੂਲੀਅਤ ਨਾਲ ਸਾਡਾ ਮਾਣ ਵਧਦਾ ਰਿਹਾ ਹੈ।ਉਹਨਾਂ ਦੇ ਅਕਾਲ ਚਲਾਣੇ ਨਾਲ ਵਡਾ ਘਾਟਾ ਪਿਆ ਹੈ।ਬੜੀ ਸ਼ਰਧਾ ਨਾਲ ਉਹਨਾਂ ਨੂੰ ਸਤਿਕਾਰ ਭੇਟ ਕਰਦਾ ਹਾਂ।

## ਤਾਰਨ ਗੁਜਰਾਲ ਜੀ

ਤਾਰਨ ਗੁਜਰਾਲ ਜੀ ਦੇ ਚਲਾਣੇ ਨਾਲ ਵ੍ਹਾਟਸ ਐਪ ਤੇ ਪੰਜਾਬੀ ਜਗਤ ਵਿੱਚ ਵੱਡੀ ਹੱਲ ਚਲ ਹੋ ਰਹੀ ਸੀ।ਵੱਡੇ ਵੱਡੇ ਪੰਜਾਬੀ ਦੇ ਸਾਹਿਤਕਾਰ ਉਹਨਾਂ ਬੜੀ ਸ਼ਰਧਾ ਭਾਵਨਾ ਨਾਲ ਯਾਦ ਕਰ ਰਹੇ ਸਨ। ਤਾਰਨ ਗੁਜਰਾਲ ਜੀ ਨੂੰ ਮੈਂ ਪਹਿਲੀ ਵਾਰ 1975 ਵਿੱਚ ਕਾਨਪੁਰ ਵਿਖੇ ਮਿਲਿਆ ਸਾਂ। ਉਦੋਂ ਮੈਂ ਗੁਰਮਤ ਕਾਲਜ ਵਿੱਚ ਪੜ੍ਹਦਾ ਸਾਂ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਕਾਨਪੁਰ ਗਿਆ ਸਾਂ। ਉੱਥੇ ਉਦੋਂ ਪ੍ਰਿੰਸੀਪਲ

ਸਤਿਬੀਰ ਸਿੰਘ ਜੀ ਦੇ ਛੋਟੇ ਭਰਾਤਾ ਬਲਵਿੰਦਰ ਸਿੰਘ ਰਹਿੰਦੇ ਸਨ। ਉਹ ਕਵੀ ਅਤੇ ਸਾਹਿਤਕਾਰ ਸਨ। ਇਕ ਦਿਨ ਉਹ ਸ਼ਾਮ ਨੂੰ ਤਾਰਨ ਜੀ ਘਰ ਲੈ ਗਏ ਤੇ ਵੇਖਦਿਆਂ ਵੇਖਦਿਆਂ ਉਹਨਾਂ ਦੇ ਘਰ ਸਾਹਿਤ ਅਤੇ ਸੰਗੀਤ ਦੀ ਇੱਕ ਮਿਲਣੀ ਜਿਹੀ ਬਣ ਗਈ। ਉਥੇ ਉਦੋਂ ਗਗਨ ਪਾਕਿਸਤਾਨੀ ਵੀ ਮਿਲੇ ਜਿਹੜੇ ਆਪਣੀ ਮੌਲਿਕ 'ਗਗਨਪਾਰੇ' ਵਿਧਾ ਵਿੱਚ ਬਹੁਤ ਸੁੰਦਰ ਲਿਖਦੇ ਸਨ। ਸਾਰਿਆਂ ਨੇ ਉੱਥੇ ਆਪਣੀਆਂ ਰਚਨਾਵਾਂ ਸੁਣਾਈਆਂ ਸਨ। ਤਾਰਨ ਜੀ ਨੇ ਆਪਣੀ ਇੱਕ ਕਹਾਣੀ ਪੜ੍ਹੀ ਤੇ ਇੱਕ ਗ਼ਜ਼ਲ ਗਾਇਨ ਕੀਤੀ–

ਅਸੀਰ ਏ ਦਰਦੇ ਮੁਹੱਬਤ ਜੀਆ ਜੀਆ ਨਾ ਜੀਆ।
ਇਕ ਸਾਂਸ ਕਾ ਝਗੜਾ ਲੀਆ ਲੀਆ ਨਾ ਲੀਆ।

ਇਹ ਪਤਾ ਲੱਗਾ ਕਿ ਤਾਰਨ ਗੁਜਰਾਲ ਜੀ ਸਾਹਿਤਕਾਰ ਹੀ ਨਹੀਂ ਸਗੋਂ ਸੰਗੀਤਕਾਰ ਵੀ ਹਨ। ਉਹਨਾਂ ਦੇ ਪਤੀ ਗੁਜਰਾਲ ਸਾਹਿਬ ਮੇਰੇ ਨਾਲ ਹੀ ਟਰੇਨ ਵਿੱਚ ਬੈਠ ਕੇ ਪਟਿਆਲੇ ਆਏ ਸਨ। ਗਗਨ ਪਾਕਿਸਤਾਨੀ ਹੋਰਾਂ ਦਾ ਬੇਟਾ ਮੇਰੇ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਪੜ੍ਹਦਾ ਰਿਹਾ ਹੈ ਤੇ ਮੇਰੇ ਕੋਲ ਹੋਸਟਲ ਵਿੱਚ ਵੀ ਰਹਿੰਦਾ ਸੀ। ਮੈਂ ਉਦੋਂ ਹੋਸਟਲ ਦਾ ਵਾਰਡਨ ਸੀ। ਫਿਰ ਇੱਕ ਵਾਰ ਕਾਨਪੁਰ ਜਾਣ ਦਾ ਸਬਬ ਬਣਿਆ ਤਾਂ ਤਾਰਨ ਜੀ ਦੇ ਘਰ ਕੀਰਤਨ ਕੀਤਾ। ਉਹਨਾਂ ਨੂੰ ਕਲਾਸੀਕਲ ਕੀਰਤਨ ਸੁਣਨ ਦਾ ਬਹੁਤ ਸ਼ੌਕ ਸੀ। ਉਹਨਾਂ ਨੇ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦੀ ਇੱਕ ਇੱਟਰਵਿਉ ਵੀ ਲਿਖੀ ਸੀ ਜਿਹੜੀ 'ਅੰਮ੍ਰਿਤ ਕੀਰਤਨ' ਵਿੱਚ ਪ੍ਰਕਾਸ਼ਿਤ ਵੀ ਕੀਤੀ ਸੀ। ਜਦੋਂ ਉਹ ਚੰਡੀਗੜ੍ਹ ਆਏ ਤਾਂ ਇੱਥੇ ਉਹਨਾਂ ਦੇ ਸਾਰੇ ਘਰਾਂ ਵਿੱਚ ਮੈਂ ਕੀਰਤਨ ਕੀਤਾ ਹੈ। ਗੁਜਰਾਲ ਸਾਹਿਬ ਦੇ ਅਕਾਲ ਚਲਾਣੇ ਤੇ ਉਹਨਾਂ ਦੇ ਘਰ ਕਈ ਦਿਨ ਕੀਰਤਨ ਕਰਦੇ ਰਹੇ ਹਾਂ। ਸਾਲ ਕੁ ਪਹਿਲਾਂ ਉਹਨਾਂ ਦੇ ਫਲੈਟ ਵਿੱਚ ਕੀਰਤਨ ਕਰਨ ਗਿਆ ਤਾਂ ਉਹਨਾਂ ਨੇ ਵਿਸ਼ੇਸ਼ ਤੇ ਤੌਰ ਤੇ ਇਹ ਸ਼ਬਦ ਗਾਇਨ ਕਰਨ ਲਈ ਕਿਹਾ–

ਸਜਣ ਸੇਈ ਨਾਲ ਮੈਂ ਚਲਦਿਆਂ ਨਾਲ ਚਲਨ।
ਜਿਥੇ ਲੇਖਾ ਮੰਗੀਐ ਤਿਥੈ ਖੜੇ ਦਿਸੰਨ।

20 ਸਾਲ ਪਹਿਲਾਂ ਗਾਈ ਮੇਰੀ ਇਹ ਰੀਤ ਉਹਨਾਂ ਨੂੰ ਮੇਰੇ ਨਾਲੋਂ ਵਧੇਰੇ ਯਾਦ ਸੀ। ਉਹ ਮੇਰੇ ਨਾਲ ਵੱਡੀ ਭੈਣ ਜੀ ਵਾਲਾ ਫਰਜ਼ ਨਿਭਾਉਂਦੇ ਸਨ। ਕਈ ਵਾਰ ਝਿੜਕ ਵੀ ਦਿੰਦੇ ਸਨ। ਉਹਨਾਂ ਕੋਲ ਪਹੁੰਚ ਕੇ ਮੈਂ ਬਹੁਤ ਛੋਟਾ ਬਣ ਜਾਂਦਾ ਸਾਂ। ਉਹਨਾਂ ਦੀ ਸ਼ਖਸੀਅਤ ਦਾ ਇੱਕ ਵਖਰਾ ਹੀ ਪ੍ਰਭਾਵ ਸੀ। ਉਹਨਾਂ ਦਾ ਜਲੌਅ ਵੱਖਰਾ ਹੀ ਸੀ। ਜਦੋਂ ਕਦੀ ਸਾਹਿਤਕਾਰਾਂ ਦਾ ਸੰਮੇਲਨ ਹੁੰਦਾ ਤਾਂ ਉਹਨਾਂ ਦੇ ਬੈਠਿਆਂ ਸਮੁੱਚੇ ਮਾਹੌਲ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦਾ ਭੈ ਅਤੇ ਭਉ ਹੁੰਦਾ ਸੀ। ਉਹ ਹਮੇਸ਼ਾ ਚੜ੍ਹਦੀ ਕਲਾ ਵਾਲੀਆਂ ਗੱਲਾਂ ਬਾਤਾਂ ਕਰਦੇ ਸਨ। ਆਪਣੇ ਕਸ਼ਟਾਂ ਦੀਆਂ ਕਥਾ ਕਹਾਣੀਆਂ ਨੂੰ ਉਹ ਇਸ ਅੰਦਾਜ ਵਿੱਚ ਸੁਣਾਉਂਦੇ ਸਨ ਕਿ ਸੁਣਨ ਵਾਲਾ ਇੱਕ ਪ੍ਰੇਰਨਾ ਹੀ ਲੈਂਦਾ ਸੀ। ਉਹ ਕਿਸੇ ਨਾਲ ਗੱਲ ਕਰਦਿਆਂ ਕਿਸੇ ਤੀਜੇ ਦੀ ਸਿਫਤ ਹੀ ਕਰਦੇ ਸਨ। ਉਹਨਾਂ ਇੱਕ ਵਾਰੀ ਮੇਰੀ ਸਿਫਤ ਮੁੰਬਈ ਦੇ ਬੜੇ ਸਿਆਣੇ ਸੰਗੀਤਕਾਰ ਮੁਹਿੰਦਰਜੀਤ ਸਿੰਘ ਕੋਲ ਕੀਤੀ, ਤੇ ਮੇਰੇ ਕੋਲ ਉਸਦੀ ਸਿਫਤ ਕੀਤੀ ਇਸ ਦਾ ਨਤੀਜਾ ਇਹ ਹੋਇਆ ਕਿ ਅਸੀਂ ਦੋਵੇ ਮਿੱਤਰ ਬਣ ਗਏ ਤੇ ਤਾਰਨ ਜੀ ਦਾ ਸਤਿਕਾਰ ਸਾਡੇ ਮਨਾਂ ਵਿੱਚ ਹੋਰ ਵੀ ਵੱਧ ਗਿਆ। ਵਿਕਟੋਰੀਆ ਫਲੈਟ ਵਿੱਚ ਜਿਸ ਦਲੇਰੀ ਖੁਸ਼ਮਿਜ਼ਾਜੀ ਨਾਲ ਉਹਨਾਂ ਨੇ ਕਸ਼ਟਾਂ ਦਾ ਸਾਹਮਣਾ ਕੀਤਾ ਉਹਨਾਂ ਦੀ ਸ਼ਖਸੀਅਤ ਨੂੰ ਪ੍ਰਣਾਮ ਕਰਦੇ ਹਾਂ। ਉਹਨਾਂ ਦੀ ਅੰਤਮ ਅਰਦਾਸ ਦੇ ਮੌਕੇ ਤੇ ਤਤਕਾਲੀ ਹਾਲਾਤ ਕਾਰਨ ਗੁਰਦੁਆਰਾ ਸਾਹਿਬ ਨਹੀਂ ਪੁੱਜ ਸਕਿਆ ਪਰ ਆਪਣੇ ਘਰ ਵਿੱਚ ਹੀ ਉਹਨਾਂ ਦੀ ਯਾਦ ਵਿੱਚ ਉਹਨਾਂ ਦਾ ਮਨਪਸੰਦ ਸ਼ਬਦ ਗਾਇਨ ਕਰਕੇ ਸ਼ਰਧਾਂਜਲੀ ਅਰਪਨ ਕਰ ਦਿੱਤੀ ਸੀ।

## ਰਵਿੰਦਰ ਸਿੰਘ ਕਲਾਸੀਕਲ ਬੰਸਰੀ ਵਾਦਕ

ਮੇਰੇ ਇੱਕ ਹੋਰ ਮਿੱਤਰ ਰਵਿੰਦਰ ਸਿੰਘ ਅਕਾਲ ਚਲਾਣਾ ਕਰ ਗਏ। ਰਵਿੰਦਰ ਸਿੰਘ ਚੰਡੀਗੜ੍ਹ ਦੇ ਪਰਮੁੱਖ ਕਲਾਸੀਕਲ ਬੰਸਰੀ ਵਾਦਕ ਸਨ। ਰੇਡੀਓ ਦੇ ਏ ਕਲਾਸ ਕਲਾਕਾਰ ਆਪਣੀਆਂ ਸੰਗੀਤਕ ਪੇਸ਼ਕਾਰੀਆਂ ਸਮੇਂ ਬੰਸਰੀ ਵਾਦਨ ਨਾਲ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦੇ ਸਨ। ਉਹਨਾਂ ਦੇ ਬੰਸਰੀ ਵਾਦਨ ਵਿਚ ਇੱਕ ਖਾਸ ਤਰ੍ਹਾਂ ਦੀ ਗੰਭੀਰਤਾ ਸੀ। ਉਹਨਾਂ ਨੂੰ ਸੁਣਦਿਆਂ ਮਨ ਟਿਕਦਾ ਸੀ। ਉਹ ਅਨੇਕਾਂ ਮਾਨ ਸਨਮਾਨਾਂ ਦੇ ਧਾਰਨੀ ਸਨ। ਉਹਨਾਂ ਦੇ ਪਿਤਾ ਅਨੰਤ ਸਿੰਘ ਕਾਬਲੀ ਸਤਿਕਾਰਤ ਸਾਹਿਤਕਾਰ ਸਨ। ਰਵਿੰਦਰ ਸਿੰਘ ਦਿੱਲੀ ਦੀ ਪ੍ਰਸਿੱਧ ਸਟੇਜੀ ਕਵਿੱਤਰੀ ਜਗਜੀਤ ਕੌਰ ਭੋਲੀ ਦੇ ਭਰਾਤਾ ਸਨ। ਰਵਿੰਦਰ ਸਿੰਘ ਜੀ ਦੀ ਪਤਨੀ ਵੀ ਸਿੱਖਿਆ ਵਿਭਾਗ ਤੋਂ ਰਿਟਾਇਰ ਹੋਏ ਸਨ। ਮੇਰਾ ਉਹਨਾਂ ਨਾਲ ਮੇਲ 1975-76 ਵਿਚ ਹੋਇਆ। ਉਦੋਂ ਡਾਕਟਰ ਗੁਰਚਰਨ ਸਿੰਘ ਹੋਰਾਂ ਦਾ ਲਿਖਿਆ 'ਅਮਰ ਸ਼ਹੀਦ ਗੁਰੂ ਤੇਗ ਬਹਾਦਰ ਜੀ' ਕਾਵਿ ਨਾਟ ਦੀ ਰਿਕਾਰਡਿੰਗ ਕਰ ਰਹੇ ਸਾਂ। ਇਸ ਵਿਚ ਸ਼ਬਦਾਂ ਨੂੰ ਮੈਂ ਗਾ ਰਿਹਾ ਸਾਂ। ਸੰਗੀਤ ਰਵਿੰਦਰ ਸਿੰਘ ਜੀ ਦੇ ਰਹੇ ਸਨ। ਇਸ ਵਿਚ ਕੁਝ ਗੀਤਾਂ ਦਾ ਗਾਇਨ ਵੀ ਕਰ ਰਹੇ ਸਾਂ। ਇਸ ਦੇ ਡਾਇਰੈਕਟਰ ਸਨ ਸੁਰਿੰਦਰ ਸਿੰਘ ਪੂਰਬਾ। ਇਸ ਕਾਵਿ ਨਾਟ ਦੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਸਾਹਿਬ ਵਿਚ ਕਈ ਸ਼ੋ ਕੀਤੇ ਸਨ। ਬਾਅਦ ਵਿਚ ਅਸੀਂ ਦੋਵੇਂ ਇੱਕ ਹੋਰ ਮਿੱਤਰ ਲਿਖਾਰੀ ਸਾਹਿਬ ਦੇ ਸਟੂਡੀਓ ਵਿਚ ਆਪਣੀਆਂ ਐਲਬਮਾਂ ਤਿਆਰ ਕਰਦੇ ਰਹੇ। ਰਵਿੰਦਰ ਸਿੰਘ ਬੰਸਰੀ ਵਜਾਉਣ ਵਿਚ ਮਾਹਿਰ ਤਾਂ ਸਨ ਹੀ ਉਹ ਆਪ ਗਾਉਂਦੇ ਵੀ ਵਧੀਆ ਸਨ। ਮੇਰੇ ਨਾਲ ਉਹਨਾਂ ਮੇਰੀ ਬਹੁਤ ਵਧੀਆ ਐਲਬਮ 'ਭਜਉ ਗੋਬਿੰਦ' ਵਿਚ ਸੰਗੀਤ ਦਿੱਤਾ। ਇਸ ਦੀ ਰਿਕਾਰਡਿੰਗ ਆਦਰਸ਼ ਸਟੂਡੀਓ ਵਿਚ ਚੀਮਾ ਸਾਹਿਬ ਨੇ ਕੀਤੀ। ਇਸ ਵਿਚ ਬੰਸਰੀ ਰਵਿੰਦਰ ਸਿੰਘ ਜੀ ਨੇ ਵਜਾਈ ਅਤੇ ਸਿਤਾਰ ਪ੍ਰਸਿੱਧ ਸੰਗੀਤਕਾਰ ਅਤੁੱਲ ਸ਼ਰਮਾ ਨੇ ਵਜਾਈ ਸੀ। ਜਦੋਂ ਇਹਨਾਂ ਨੇ ਮੇਰੀਆਂ ਸ਼ਬਦ ਰੀਤਾਂ ਸੁਣੀਆਂ ਤਾਂ ਸੰਗੀਤ ਮੇਰੇ ਸੁਭਾਅ ਅਨੁਸਾਰ ਹੀ ਦਿੱਤਾ। ਹੁਣ ਵੀ ਭਜਉ ਗੋਬਿੰਦ ਭੂਲ ਮਾਤ ਜਾਹੁ ਸ਼ਬਦ ਰਿਕਾਰਡਿੰਗ ਅਤ ਸੰਗੀਤ ਪੱਖੋਂ ਮੈਨੂੰ ਬਹੁਤ ਪਿਆਰਾ ਲੱਗਦਾ ਹੈ। ਕਰੋਨਾ ਕਾਲ ਤੋਂ ਪਹਿਲਾਂ ਮੈਂ ਅਕਸਰ ਆਪਣਾ ਵਾਜਾ ਲੈ ਕੇ ਰਵਿੰਦਰ ਸਿੰਘ ਜੀ ਕੋਲ ਕੁਝ ਸੁਣਨ ਸੁਣਾਉਣ ਚਲਾ ਜਾਂਦਾ ਸਾਂ। ਉਹਨਾਂ ਦੇ ਦੇਹਾਂਤ ਨਾਲ ਚੰਡੀਗੜ੍ਹ ਦੇ ਸੰਗੀਤ ਜਗਤ ਨੂੰ ਵੱਡਾ ਘਾਟਾ ਪਿਆ ਹੈ।

ਇਹ ਸ਼ਰਧਾਂਜਲੀਆਂ ਦੇਣ ਤੋਂ ਬਾਅਦ ਲਾਚਾਰੀ ਵਿੱਚ ਅਤੇ ਭਾਣਾ ਮੰਨਣ ਲਈ ਗੁਰਬਾਣੀ ਦਾ ਗਾਇਨ ਹੀ ਕਰਨਾ ਪੈਂਦਾ ਹੈ-

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰ ਸਕੀਐ।।
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ।
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ।
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।(ਅੰਗ 736)

ਭੁੱਲ ਚੁੱਕ ਖਿਮਾ

# ਗੁਰੂ ਤੇਗ ਬਹਾਦਰ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ
## (400 ਸਾਲਾ ਪ੍ਰਕਾਸ਼ ਦਿਵਸ 1 ਮਈ 2021)

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਤੇਗ ਦੇ ਧਨੀ ਤੇ ਬਲੀਦਾਨ ਦੇ ਮਹਾਨ ਪੁੰਜ ਸਨ। ਨੌਵੇਂ ਸਤਿਗੁਰੂ ਜੀ ਦੀ ਵੈਰਾਗਮਈ ਬਾਣੀ ਦੇ ਇਲਾਹੀ ਰੰਗ ਨੇ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਨੂੰ ਨਵੀਨ ਵਿਲੱਖਣਤਾ ਪ੍ਰਦਾਨ ਕੀਤੀ। ਆਪ ਨੇ ਰਾਗ ਗਉੜੀ, ਆਸਾ, ਦੇਵਗੰਧਾਰ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਬਸੰਤ ਹਿੰਡੋਲ, ਸਾਰੰਗ, ਜੈਜਾਵੰਤੀ ਆਦਿ ਵਿਚ ਬਾਣੀ ਦਾ ਉਚਾਰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਜੈਜਾਵੰਤੀ ਵਿਚ ਨੌਵੇਂ ਗੁਰੂ ਦੀ ਬਾਣੀ ਹੀ ਦਰਜ ਹੈ। ਆਪ ਨੇ ਆਪਣੀ ਬਾਣੀ ਵਿਚ ਪਦੇ, ਬਾਣੀ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। ਸ਼ਬਦ ਕੀਰਤਨ ਹਿਤ ਆਪ ਦੀਆਂ ਇਹ ਸ਼ਬਦ ਰਚਨਾਵਾਂ ਆਪ ਨੇ ਸਰੋਦੀ ਸੁਖੈਨ ਸਹਿਜ ਸਰੂਪ ਕਰਕੇ ਗਾਇਨ ਹਿਤ ਢੁਕਵੀਆਂ ਹਨ। ਭਾਰਤੀ ਅਧਿਆਤਮ ਪਰੰਪਰਾ ਦੀ ਸਰਬ ਸਾਂਝੀ ਰੂਹਾਨੀ ਅਤੇ ਸੁਗੰਧੀ ਆਪ ਦੀ ਬਾਣੀ ਦੇ ਕੀਰਤਨ ਦੁਆਰਾ ਸਹਿਜ ਹੀ ਸੰਚਰਿਤ ਹੋਣ ਦੀ ਦੈਵੀ ਸ਼ਕਤੀ ਰਖਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਨੌਵੇਂ ਮਹਲੇ ਦੇ ਸਤਵੰਜਾ ਸਲੋਕ ਆਪਣੀ ਭਾਵਪੂਰਤ ਫਿਲਾਸਫੀ ਕਰਕੇ ਜਿਥੇ ਇਕ ਮਹਾਨ ਰਚਨਾ ਹਨ ਉਥੇ ਇਹ ਸਲੋਕ ਤੇ ਦੋਹਾ ਗਾਇਨ ਵਿਧੀ ਤੋਂ ਇਲਾਵਾ ਵਰਤਮਾਨ ਖਿਆਲ ਗਾਇਕੀ ਲਈ ਵੀ ਉਪਯੁਕਤ ਗਾਇਨ ਰੂਪ ਵੀ ਹਨ।

ਨੌਵੇਂ ਸਤਿਗੁਰ ਤੇਗ ਬਹਾਦਰ ਜੀ ਨੇ ਪੂਰਵਲੇ ਗੁਰੂ ਸਾਹਿਬਾਨ ਦੁਆਰਾ ਚਲਾਈ ਕੀਰਤਨ ਰੀਤ ਨੂੰ ਖੂਬ ਪ੍ਰਫੁਲਤ ਕਰਦਿਆਂ ਆਸਾ ਦੀ ਵਾਰ, ਬਿਲਾਵਲ ਅਤੇ ਹੋਰ ਕੀਰਤਨ ਚੌਕੀਆਂ ਦਾ ਪ੍ਰਚਲਨ ਆਪ ਦੇ ਦਰਬਾਰ ਦੀ ਵਿਸ਼ੇਸ਼ਤਾ ਰਹੀ। ਗੁਰੂ ਤੇਗ ਬਹਾਦਰ ਜੀ ਦੁਆਰਾ ਸਥਾਪਤ ਅਨੰਦਪੁਰ ਸਾਹਿਬ ਤੋਂ ਇਲਾਵਾ ਪਟਨਾ ਤੇ ਕਾਸ਼ੀ ਵਿਖੇ ਰਬਾਬੀਆਂ ਦੁਆਰਾ ਆਸਾ ਦੀ ਵਾਰ ਦੇ ਗਾਇਨ ਦੇ ਅਨੇਕ ਹਵਾਲੇ ਗੁਰ ਇਤਿਹਾਸ ਵਿਚ ਮਿਲਦੇ ਹਨ:

– ਆਸਾਵਾਰ ਰਬਾਬੀ ਗਾਵਤਿ
ਸੁਨਹਿਂ ਸਿੱਖਯ ਸਭਿ ਪਾਪ ਮਿਟਾਵਤਿ
(ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੪੦੭੪)

– ਬੈਠੇ ਮਨ ਕੋ ਗੁਰੂ ਟਿਕਾਇ
ਆਸਾਵਾਰ ਸਿੱਖਯ ਤਬਿ ਗਾਇਂ
(ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੪੧੯੯)

– ਸ੍ਰੀ ਸਤਿਗੁਰ ਕੇ ਸ਼ਬਦ ਉਚਰਿਹੀਂ
ਬਜਹਿਂ ਮ੍ਰਿਦੰਗ ਰਬਾਬ ਬਿਸਾਲਾ
ਕਰਹਿਂ ਕੀਰਤਨ ਸ਼ਬਦ ਉਜਾਲਾ। (ਗੁਰ ਪ੍ਰਤਾਪ ਸੁਰਜ ਗ੍ਰੰਥ, ਪੰਨਾ ੪੨੯੮)

– ਗਾਵਨਿ ਲਗੇ ਸ਼ਬਦ ਸੁਖਕਾਰੀ
ਰਾਗ ਰਾਗਨੀ ਰੁਚਿਰ ਮਝਾਰੀ
ਬਜਹਿ ਰਬਾਬ ਮ੍ਰਿਦੰਗ ਉਦਾਰਾ (ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੪੨੯੩)

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਕੀਰਤਨ ਦੇ ਮਹਤੱਵ ਨੂੰ ਇਸ ਤਰ੍ਹਾਂ ਉਜਾਗਰ ਕੀਤਾ ਹੈ:

– ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੨੨੦**)

– ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੪੧੧**)
– ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੫੩੬**)
– ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥
– ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੮੩੧**)
– ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੯੦੧**)
– ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੯੦੨**)
– ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ **੧੦੦੮**)

ਸੁਸਿਖਿਅਤ ਰਬਾਬੀ ਅਤੇ ਸਿੱਖ ਸੰਗਤਾਂ ਆਪ ਦੇ ਦਰਬਾਰ ਵਿਖੇ ਵੱਖ-ਵੱਖ ਸਾਜ਼ਾਂ ਉਪਰ ਕੀਰਤਨ ਕਰਿਆ ਕਰਦੇ ਸਨ। ਅਜਿਹੇ ਹਵਾਲੇ ਇਤਿਹਾਸਕ ਸਰੋਤਾਂ ਤੋਂ ਭਲੀਭਾਂਤ ਮਿਲਦੇ ਹਨ। ਇਕ ਤਾਲ ਸਾਜ਼ ਮ੍ਰਿਦੰਗ ਨੂੰ ਉਤਸ਼ਾਹਿਤ ਕਰਨ ਦਾ ਇਕ ਹਵਾਲਾ ਗੁਰਦੁਆਰਰਾ ਸੰਗਤਿ ਮ੍ਰਿਦੰਗਾਵਲੀ ਦੇ ਨਾਮ ਨਾਲ ਮਿਲਦਾ ਹੈ ਜੋ ਜੌਨਪੁਰ ਵਿਖੇ ਸਥਾਪਤ ਹੈ। ਪ੍ਰਚਲਿਤ ਕਥਾ ਅਨੁਸਾਰ ਆਪ ਜੀ ਇਕ ਵੇਰ ਜੌਨਪੁਰ ਗਏ ਤਾਂ ਆਪ ਉਥੇ ਇਕ ਗੁਰਸਿੱਖ ਭਾਈ ਗੁਰਬਖਸ਼ ਦੇ ਘਰ ਕੁਝ ਸਮਾਂ ਠਹਿਰੇ। ਆਪ ਨੇ ਭਾਈ ਗੁਰਬਖਸ਼ ਨੂੰ ਕੀਰਤਨ ਲਈ ਮ੍ਰਿਦੰਗ ਸਾਜ਼ ਭੇਟ ਕੀਤਾ। ਮਹਾਨ ਕੋਸ਼ ਪੰਨਾ 538 ਅਨੁਸਾਰ ਇਹ ਸਾਜ਼ ਅੱਜ ਵੀ ਇਸ ਸਥਾਨ ਤੇ ਸਤਿਕਾਰ ਸਹਿਤ ਰੱਖਿਆ ਹੋਇਆ ਹੈ।

# ਗੁਰੂ ਅਰਜਨ ਦੇਵ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ

## (ਪ੍ਰਕਾਸ਼ ਦਿਵਸ 3 ਮਈ 2021)

ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਤਮਕ ਸੰਗੀਤਕ ਸੰਕਲਨ ਦੁਆਰਾ ਗੁਰਮਤਿ ਸੰਗੀਤ ਨੂੰ ਬੁਨਿਆਦੀ ਸਿਧਾਂਤਕ ਅਧਾਰ ਪ੍ਰਦਾਨ ਕੀਤਾ, ਉੱਥੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਦੁਆਰਾ ਇਸ ਮੌਲਿਕ ਸੰਗੀਤ ਪਰੰਪਰਾ ਨੂੰ ਨਿਰੰਤਰ ਵਿਵਹਾਰਕ ਕਾਰਜਸ਼ੀਲਤਾ ਬਖਸ਼ੀ। ਇਹੀ ਕਾਰਨ ਹੈ ਕਿ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਵਿਵਿਧ ਪੱਖੀ ਅਤੇ ਵਿਸ਼ਿਸ਼ਟ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖੀ ਦੇ ਪੂਰਵਲੇ ਗੁਰੂ ਸਾਹਿਬਾਨ ਦੁਆਰਾ ਸਿਰਜਤ ਤੇ ਵਿਕਸਤ ਅਖੁੱਟ ਖਜ਼ਾਨੇ ਵਿਚੋਂ ਗੁਰਮਤਿ ਸੰਗੀਤ ਦੀ ਅਗੰਮੀ ਮਰਿਆਦਤ ਦਾਤ, ਸ਼ਬਦ ਕੀਰਤਨ ਪਰੰਪਰਾ ਦੇ ਰੂਪ ਵਿਚ ਪ੍ਰਾਪਤ ਹੋਈ। ਇਸ ਪਰੰਪਰਾ ਦੇ ਵਿਭਿੰਨ ਸਿਧਾਂਤਕ ਤੇ ਵਿਵਹਾਰਕ ਅਧਾਰ ਨੂੰ ਆਪ ਜੀ ਨੇ ਮਾਨਵੀ ਅਧਿਆਤਮ ਚਿੰਤਨ ਪਰੰਪਰਾਵਾਂ ਦਾ ਸਦੈਵ ਕਾਰਜਸ਼ੀਲਤਾ ਹਿੱਸਾ ਬਣਾਉਣ ਲਈ ਮਹੱਤਵਪੂਰਨ ਯੋਗਦਾਨ ਪਾਇਆ।

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਕ ਸੰਗੀਤਕ ਸੰਕਲਨ ਬੁਨਿਆਦੀ ਅਤੇ ਅਹਿਮ ਪਹਿਲੂ ਹੈ। 1604 ਈਸਵੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਸਮਕਾਲੀਨ ਤੇ ਪੂਰਵ ਕਾਲਿਨ ਸੰਤਾਂ ਭਗਤਾਂ ਦੀ ਬਾਣੀ ਸਹਿਤ ਰਬਾਬੀਆਂ, ਭੱਟਾਂ, ਗੁਰੂ ਸੰਬੰਧੀਆਂ ਦੀ ਬਾਣੀ ਨੂੰ ਵਿਸ਼ੇਸ਼ ਸੰਕਲਨ ਜੁਗਤ ਦੁਆਰਾ ਸੰਕਲਿਤ ਕੀਤਾ। ਇਸ ਸੰਕਲਨ ਜੁਗਤ ਦੀ ਵਿਵਹਾਰਕਤਾ ਇਸ ਦੇ ਸੰਗੀਤਕ ਰੂਪ ਵਿਚੋਂ ਉਜਾਗਰ ਹੁੰਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਤੋਂ ਪ੍ਰਤੱਖ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵੱਖ-ਵੱਖ ਕੀਰਤਨ ਗਾਇਨ ਸ਼ੈਲੀਆਂ ਵਜੋਂ ਬਾਣੀ ਰੂਪ, ਵਿਭਿੰਨ ਸੰਗੀਤਕ ਸਿਰਲੇਖ, ਸੰਕੇਤ ਅਤੇ ਬਾਣੀ ਦੇ ਫੁਰਮਾਨ ਇਸ ਸੰਗੀਤ ਪਰੰਪਰਾ ਦੀ ਵਿਵਹਾਰਕਤਾ ਉਜਾਗਰ ਕਰ ਰਹੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਬਾਣੀ ਦਾ ਸਰੂਪ ਅਤੇ ਸੌਂਦਰਯ ਪ੍ਰਮੁੱਖ ਰੂਪ ਵਿਚ ਉਜਾਗਰ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਗਿਆਨ ਦੇ ਸੰਦਰਭ ਵਿਚ ਅਧਿਐਨ ਕਰੀਏ ਤਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਇਸ ਸੰਗੀਤ ਵਿਗਿਆਨ ਦੇ ਤੱਥਾਂ ਦਾ ਵਿਸਥਾਰ ਇਉਂ ਦ੍ਰਿਸ਼ਟੀਗੋਚਰ ਹੁੰਦਾ ਹੈ, ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਹਿਤ ਰਾਗ ਵਿਸ਼ੇਸ਼ ਪ੍ਰਯੋਗ ਕਰਦਿਆਂ ਇਨਾਂ ਰਾਗਾਂ ਦੇ ਮਹੱਤਵ ਨੂੰ ਗੁਰਮਤਿ ਦ੍ਰਿਸ਼ਟੀਕੋਣ ਤੋਂ ਪ੍ਰਕਾਸ਼ਮਾਨ ਕੀਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੁੱਲ 44 ਰਾਗਾਂ ਵਿਚ ਬਾਣੀ ਉਚਾਰੀ ਜਿਨਾਂ ਦੀ ਗਿਣਤੀ ਇਸ ਪ੍ਰਕਾਰ ਹੈ : ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਗੂਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ। ਗੁਰੂ ਅਰਜਨ ਦੇਵ ਜੀ ਦੇ ਰਾਗਾਂ ਵਿਚੋਂ 30 ਮੁੱਖ ਰਾਗ, 14 ਰਾਗ ਪ੍ਰਕਾਰ ਅਤੇ ਕਈ ਦੇਸੀ ਤੇ ਸਨਾਤਨੀ ਰਾਗ ਵੀ ਪ੍ਰਯੋਗ ਕੀਤੇ। ਇਹ ਪ੍ਰਯੋਗ ਵਿਸ਼ੇਸ਼ ਮੌਲਿਕਤਾ ਦਾ ਧਾਰਣੀ ਹੈ।

ਰਾਗ ਦੇ ਅਮੂਰਤ ਸਰੂਪ ਨੂੰ ਗੁਰਮਤਿ ਅਨੁਸਾਰ 'ਧਿਆਨ' ਰੂਪ ਵਿਚ ਵਰਣਿਤ ਕਰਕੇ ਗੁਰੂ ਅਰਜਨ ਦੇਵ ਜੀ ਨੇ ਭਾਰਤੀ ਸੰਗੀਤ ਦੀ ਰਾਗ ਧਿਆਨ ਪਰੰਪਰਾ ਨੂੰ ਨਵੀਨ ਦਿਸ਼ਾ ਦਿੱਤੀ। ਗੁਰੂ ਅਰਜਨ ਬਾਣੀ ਵਿਚ ਵੱਖ-ਵੱਖ ਬਾਣੀ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਨਾਂ ਨੂੰ ਸਨਾਤਨੀ ਅਤੇ ਦੇਸੀ ਕਾਵਿ ਵਿਵਿਧਤਾ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਇਹ ਸਨਾਤਨੀ ਅਤੇ ਦੇਸੀ ਕਾਵਿ ਸ਼ਬਦ ਕੀਰਤਨ ਗਾਇਨ ਵਜੋਂ ਗੁਰਮਤਿ ਸੰਗੀਤ ਦੀਆਂ ਸ਼ਾਸਤਰੀ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਾਸਤੇ ਅਸ਼ਟਪਦੀ, ਪਦੇ,ਪੜਤਾਲ

ਆਦਿ ਸਨਾਤਨੀ ਬਾਣੀ ਰੂਪ/ਗਾਇਨ ਰੂਪ ਅਤੇ ਵਾਰਾਂ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਲੋਕ ਬਾਣੀ ਰੂਪ/ਗਾਇਨ ਰੂਪ ਪ੍ਰਯੋਗ ਕੀਤੇ ਹਨ।

ਉਕਤ ਬਾਣੀ ਰੂਪਾਂ ਵਿਚੋਂ ਪੜਤਾਲ ਸ਼ਾਸਤਰੀ ਅੰਗ ਦੀ ਨਿਵੇਕਲੀ ਗਾਇਨ ਸ਼ੈਲੀ ਹੈ ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਪ੍ਰਗਟ ਹੁੰਦੀ ਹੈ। ਗੁਰੂ ਅਰਜਨ ਕਾਲ ਵਿਚ ਆਸਾ ਦੀ ਵਾਰ ਦੀ ਚੌਕੀ, ਚਰਨ ਕਮਲ ਦੀ ਚੌਕੀ, ਸੋਦਰ ਦੀ ਚੌਕੀ, ਆਰਤੀ ਦੀ ਚੌਕੀ, ਕਾਨੜੇ ਜਾਂ ਕਲਿਆਣ ਦੀ ਚੌਕੀ ਪ੍ਰਚਲਿਤ ਸੀ ਭਾਵ ਗੁਰੂ ਅਰਜਨ ਦੇਵ ਜੀ ਨੇ ਰਾਗਾਤਮਕ ਕੀਰਤਨ ਚੌਕੀਆਂ ਨੂੰ ਸੰਸਥਾਗਤ ਰੂਪ ਵਿਚ ਸਥਾਪਤ ਤੇ ਵਿਕਸਤ ਕੀਤਾ। ਇਹ ਪਰੰਪਰਾ ਵਰਤਮਾਨ ਕਾਲ ਤੱਕ ਗੁਰਮਤਿ ਸੰਗੀਤ ਦੀ ਨਿਰੰਤਰ ਸਜੀਵ ਪਰੰਪਰਾ ਹੈ। ਗੁਰੂ ਅਰਜਨ ਦੇਵ ਤੱਕ ਸਮੂਹ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਗੁਰ ਦਰਬਾਰ ਵਿਚ ਰਬਾਬੀ ਕੀਰਤਨਕਾਰਾਂ ਨੂੰ ਵਿਸ਼ੇਸ਼ ਸਰਪ੍ਰਸਤੀ ਦਿੱਤੀ ਜਿਸ ਦੁਆਰਾ ਕੀਰਤਨਕਾਰਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੋਂਦ ਵਿਚ ਆਈ। ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਰਬਾਬੀ ਭਾਈ ਸੱਤਾ ਬਲਵੰਡ ਦੇ ਰੁੱਸ ਜਾਣ ਦੀ ਘਟਨਾ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ,ਪ੍ਰਸਾਰ ਨੂੰ ਨਵਾਂ ਮੋੜ ਦਿੱਤਾ ਜਿਸ ਦੁਆਰਾ ਗੁਰੂ ਅਰਜਨ ਦੇਵ ਜੀ ਨੇ ਸਾਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਹਿੱਤ ਉਤਸ਼ਾਹਿਤ ਕੀਤਾ। ਇਸ ਸੁਚੇਤ ਯਤਨ ਅਧੀਨ ਸਿੱਖ ਸੰਗਤਾਂ ਵਿਚ ਕੀਰਤਨ ਗਾਇਨ, ਸਾਜ਼ਾਂ ਦੀ ਸਿਖਲਾਈ ਅਤੇ ਕੀਰਤਨ ਗਾਇਨ ਦੇ ਲੋਕ ਸੰਗੀਤਕ ਪ੍ਰਵਾਹ ਦਾ ਪ੍ਰਾਰੰਭ ਹੋਇਆ। ਇਨਾਂ ਨਿਸ਼ਕਾਮ ਕੀਰਤਨੀਆਂ ਵਿਚੋਂ ਭਾਈ ਦੀਪਾ, ਭਾਈ ਰੁਲਾ, ਭਾਈ ਨਰਾਇਣ ਦਾਸ, ਭਾਈ ਉਗਰਸੈਨ, ਭਾਈ ਝਾਜੂ, ਭਾਈ ਮੁਕੰਦ, ਭਾਈ ਕੇਦਾਰਾ ਆਦਿ ਇਸ ਸਮੇਂ ਦੇ ਇਤਿਹਾਸਕ ਤੌਰ ਤੇ ਵਰਣਨਯੋਗ ਕੀਰਤਨੀਏ ਹਨ।

ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਲਈ ਵਿਸ਼ੇਸ਼ ਤੰਤੀ ਸਾਜ਼ਾਂ ਦਾ ਪ੍ਰਚਲਨ ਕੀਤਾ। ਪੂਰਵਲੇ ਗੁਰੂ ਸਾਹਿਬਾਨ ਦੇ ਸਮੇਂ ਤੇ ਰਬਾਬ, ਸਾਰੰਦਾ ਦਾ ਵਾਦਨ ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਚਲਿਆ ਆ ਰਿਹਾ। ਭਾਈ ਕਾਨ ਸਿੰਘ ਨਾਭਾ ਅਨੁਸਾਰ ਇਹ ਉੱਤਮ ਸਵਰ ਦੇਣ ਵਾਲਾ ਤਾਰਦਾਰ ਸਾਜ਼ ਹੈ ਜਿਸ ਨੂੰ ਗਜ਼ ਨਾਲ ਵਜਾਈਦਾ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਤਜਵੀਜ਼ ਨਾਲ ਬਣਾ ਕੇ ਸਿੱਖ ਰਾਗੀਆਂ ਨੂੰ ਬਖਸ਼ਿਆ ਅਤੇ ਵਜਾਉਣਾ ਸਿਖਾਇਆ। ਪੁਰਾਤਨ ਕੁਝ ਸਾਖੀਆਂ ਵਿਚ ਵੀ ਪ੍ਰਚੱਲਿਤ ਹੈ ਕਿ ਭਾਈ ਮੋਹਨ ਕੋਲੋਂ ਗੋਇੰਦਵਾਲ ਵਿਖੇ ਪੋਥੀਆਂ ਲੈਣ ਲਈ ਜਦੋਂ ਗੁਰੂ ਅਰਜਨ ਦੇਵ ਜੀ ਗਏ ਤਾਂ ਆਪ ਨੇ ਉਨਾਂ ਦੇ ਗ੍ਰਹਿ ਦੇ ਬਾਹਰ ਸਰੰਦੇ ਨਾਲ ਹੀ ਕੀਰਤਨ ਕੀਤਾ ਸੀ।

ਸੰਖੇਪ ਰੂਪ ਵਿਚ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਗਿਆਨ ਲਈ ਅਧਾਰ ਵਜੋਂ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਰਾਗਾਤਮਕ ਸੰਕਲਨ ਅਤੇ ਫਿਰ ਇਸ ਸਮੁੱਚੇ ਸੰਗੀਤ ਵਿਧਾਨ ਭਾਵ ਗੁਰੂ ਘਰ ਦੀ ਇਸ ਵਿਸ਼ਿਸ਼ਟ ਸੰਗੀਤ ਵਿਗਿਆਨਕਤਾ ਦੇ ਅਨੁਸਾਰੀ ਸੰਗੀਤ ਪਰੰਪਰਾ ਨੂੰ ਵਿਵਹਾਰਕਤਾ ਪ੍ਰਦਾਨ ਕਰਨਾ ਗੁਰੂ ਅਰਜਨ ਸਾਹਿਬ ਦਾ ਵਿਸ਼ੇਸ਼ ਯੋਗਦਾਨ ਸੀ। ਗੁਰਮਤਿ ਸੰਗੀਤ ਦੀ ਸਿਧਾਂਤਕਤਾ ਤੇ ਵਿਵਹਾਰਕਤਾ ਦੇ ਅਧਿਐਨ ਲਈ ਅਧਾਰ ਵਜੋਂ ਗੁਰੂ ਅਰਜਨ ਬਾਣੀ ਵਿਸ਼ੇਸ਼ ਰੂਪ ਵਿਚ ਸਹਾਈ ਹੁੰਦੀ ਹੈ ਜਿਸ ਵਿਚ ਰਾਗਾਂ, ਵਿਭਿੰਨ ਬਾਣੀ ਗਾਇਨ ਰੂਪਾਂ, ਸੰਗੀਤ ਵਿਧਾਨ ਅਤੇ ਕੀਰਤਨ ਸਬੰਧੀ ਫੁਰਮਾਨ ਸਾਡਾ ਮਾਰਗ ਦਰਸ਼ਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਗੁਰਮਤਿ ਸੰਗੀਤ ਦਾ ਪ੍ਰਾਰੰਭ ਕੀਤਾ ਉੱਥੇ ਗੁਰੂ ਅਰਜਨ ਦੇਵ ਜੀ ਨੇ ਇਸ ਪਰੰਪਰਾ ਨੂੰ ਪੂਰਨ ਰੂਪ ਵਿਚ ਵਿਕਸਤ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ। ਇਸ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਗੁਰਮਤਿ ਸੰਗੀਤ ਦੇ ਸਮੁੱਚੇ ਵਿਕਾਸ ਅਤੇ ਅਧਿਐਨ, ਅਧਿਆਪਨ ਦੀ ਦ੍ਰਿਸ਼ਟੀ ਤੋਂ ਸਦੈਵ ਬੁਨਿਆਦੀ ਤੇ ਕੇਂਦਰੀਕਾਰੀ ਰਹੇਗਾ।

# ਗੁਰੂ ਅਮਰਦਾਸ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ

**(ਪ੍ਰਕਾਸ਼ ਦਿਵਸ 25 ਮਈ 2021)**

ਡਾ.ਗੁਰਨਾਮ ਸਿੰਘ

ਤੀਸਰੇ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦਦੇਵ ਜੀ ਦੁਆਰਾ ਪ੍ਰਫੁੱਲਿਤ ਕੀਤੀ ਗੁਰਮਤਿ ਸੰਗੀਤ ਦੇ ਰਾਗ ਵਿਧਾਨ, ਕੀਰਤਨ ਹਿਤ ਵਿਲੱਖਣ ਬਾਣੀ ਰੂਪਾਂ, ਕੀਰਤਨ ਚੌਕੀ ਪਰੰਪਰਾ ਅਤੇ ਸਾਜ਼ਾਂ ਦੇ ਵਿਕਾਸ ਵਿਚ ਭਰਪੂਰ ਯੋਗਦਾਨ ਪਾਇਆ। ਆਪ ਨੇ ਸਿੱਖੀ ਦੇ ਪਰਚਾਰ ਪਰਸਾਰ ਲਈ ਕਰਤਾਰਪੁਰ ਤੇ ਖਡੂਰ ਸਾਹਿਬ ਵਾਗੂੰ ਗੋਇੰਦਵਾਲ ਦੀ ਸਥਾਪਨਾ ਕੀਤੀ ਜਿੱਥੇ ਸੇਵਾ ਸਿਮਰਨ ਤੇ ਸੰਗੀਤ ਦੁਆਰਾ ਬਾਣੀ ਦਾ ਨਿਰੰਤਰ ਪ੍ਰਵਾਹ ਚੱਲਿਆ। ਇਸ ਤਰ੍ਹਾਂ ਗੋਇੰਦਵਾਲ ਸਿੱਖੀ ਦੇ ਸੰਸਥਾ ਦਾ ਪ੍ਰਚਲਨ ਦਾ ਵੱਡਾ ਕੇਂਦਰ ਸਥਾਪਤ ਹੋਇਆ।

ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਕੀਰਤਨ ਵਿਚ ਚਉਪਦੇ, ਅਸਟਪਦੀ, ਛੰਤ, ਸੋਹਿਲੇ, ਵਾਰਾਂ ਆਦਿ ਦਾ ਪ੍ਰਯੋਗ ਕੀਤਾ ਗਿਆ ਹੈ। ਆਪ ਨੇ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਆਸਾ, ਆਸਾ ਕਾਫੀ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਬਸੰਤ ਹਿੰਡੋਲ, ਸਾਰੰਗ, ਮਲਾਰ, ਪ੍ਰਭਾਤੀ, ਪ੍ਰਭਾਤੀ ਬਿਭਾਸ ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ।

ਰਾਮਕਲੀ ਰਾਗ ਵਿਚ ਆਪ ਜੀ ਦੀ ਅਦੁੱਤੀ ਰਚਨਾ ਅਨੰਦ ਸਾਹਿਬ ਸ਼ਬਦ ਕੀਰਤਨ ਦੀ ਵਿਸ਼ੇਸ਼ ਬਾਣੀ ਹੈ ਜਿਸ ਦੇ ਗਾਇਨ ਦੀ ਵਿਸ਼ੇਸ਼ ਸ਼ੈਲੀ ਗੁਰਮਤਿ ਸੰਗੀਤ ਵਿਚ ਸਦੀਆਂ ਤੋਂ ਪ੍ਰਚੱਲਿਤ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਆਪ ਦੇ ਗੁਰੂ ਦਰਬਾਰ ਵਿਚ ਭਾਈ ਬਲਵੰਡ, ਭਾਈ ਸੱਤਾ, ਭਾਈ ਬੂਲਾ ਵਰਗੇ ਉੱਚ ਕੋਟੀ ਦੇ ਰਬਾਬੀ ਕੀਰਤਨ ਕਰਦੇ ਸਨ। ਰਬਾਬੀ ਘਰਾਣਿਆਂ ਵਿਚ ਵੀ ਖਡੂਰੀਏ ਰਬਾਬੀਆਂ ਦਾ ਘਰਾਣਾ ਅੱਜ ਤੱਕ ਵੀ ਪ੍ਰਚੱਲਿਤ ਹੈ ਜਿਸ ਵਿਚੋਂ ਉੱਚ ਕੋਟੀ ਦੇ ਕੀਰਤਨਏ ਭਾਈ ਚਾਂਦ ਰਹੇ ਜਿਨ੍ਹਾਂ ਦੇ ਵੰਸਿਜ਼ ਗੁਲਾਮ ਮੁਹੰਮਦ ਚਾਂਦ ਪਾਕਿਸਤਾਨ ਵਿਚ ਕੀਰਤਨ ਕਰ ਰਹੇ ਹਨ।

ਰਬਾਬ ਤੋਂ ਬਾਅਦ ਸਿੱਖ ਸੰਗੀਤ ਦਾ ਅਗਲੇਰਾ ਸੰਗੀਤ ਸਾਜ਼ ਜੋ ਪ੍ਰਚਲਿਤ ਹੋਇਆ ਉਹ ਸਰੰਦਾ ਹੈ। ਪੁਸਤਕ **ਕਾਨੂੰਨੇ ਮੌਸੀਕੀ** ਦੇ ਇਕ ਹਵਾਲੇ ਅਨੁਸਾਰ ਗੁਰਮਤਿ ਸੰਗੀਤਾਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ ਜੀ ਨੇ ਸਰੰਦਾ ਸਾਜ਼ ਦਾ ਸਿੱਖ ਧਰਮ ਵਿਚ ਪ੍ਰਵੇਸ਼ ਗੁਰੂ ਅਮਰਦਾਸ ਜੀ ਦੁਆਰਾ ਸਵੀਕਾਰਿਆ ਹੈ। ਗਜ਼ ਨਾਲ ਵੱਜਣ ਵਾਲਾ ਇਹ ਸਾਜ਼ ਉੱਤਰੀ ਭਾਰਤੀ ਲੋਕ ਸੰਗੀਤ ਪਰੰਪਰਾ ਵਿਸ਼ੇਸ਼ ਕਰਕੇ ਰਾਜਸਥਾਨੀ ਸੰਗੀਤ ਦਾ ਅਨਿੱਖੜ ਅੰਗ ਹੈ। ਕੀਰਤਨ ਚੌਕੀਆ ਦੇ ਵਿਕਾਸ ਵਿਚ ਸਤਿਗੁਰੂ ਅਮਰਦਾਸ ਜੀ ਨੇ ਪੂਰਵਲੇ ਗੁਰੂ ਸਾਹਿਬਾਨ ਦੁਆਰਾ ਸਥਾਪਤ ਪਰੰਪਰਾ ਨੂੰ ਅਗਾਂਹ ਤੋਰਦਿਆਂ ਆਸਾ ਦੀ ਵਾਰ, ਸੋਦਰੁ ਅਤੇ ਆਰਤੀ ਦੀ ਕੀਰਤਨ ਚੌਕੀ ਦੇ ਪ੍ਰਚਲਨ ਨੂੰ ਕਾਇਮ ਰੱਖਿਆ। ਆਪ ਜੀ ਦੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਬਾਣੀ ਦਾ ਗੁਰਮਤਿ ਸੰਗੀਤ ਦੀ ਰਾਗਾਤਮਿਕ ਦ੍ਰਿਸ਼ਟੀ ਤੋਂ ਇਕ ਹੋਰ ਵਿਲੱਖਣਤਾ ਇਹ ਹੈ ਕਿ ਗੁਰੂ ਸਾਹਿਬ ਨੇ

ਭਾਰਤੀ ਰਾਗ ਧਿਆਨ ਪਰੰਪਰਾ ਸਮਾਨ ਵੱਖ-ਵੱਖ ਰਾਗਾਂ ਦੇ ਗੁਰਬਾਣੀ ਰਾਗ ਧਿਆਨ ਚਿਤਰੇ, ਵਿਖਿਆਨ ਕੀਤੇ ਹਨ ਜਿਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਰਾਗਾਂ ਦੇ ਪ੍ਰਯੋਗ, ਪ੍ਰਕਿਰਤੀ ਤੇ ਮਹੱਤਵ ਸਵੈ-ਪ੍ਰਤੱਖ ਹੁੰਦੇ ਹਨ। **ਰਾਗ ਸਿਰੀ** ਸਬੰਧੀ ਫੁਰਮਾਨ ਹੈ : "ਰਾਗਾਂ ਵਿਚਿ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰ।। ਸਦਾ ਹਰਿ ਸਚੁ ਮਨਿ ਵਸੈ ਨਿਹਚਲ ਗਤਿ ਅਪਾਰੁ।।" (ਸ਼੍ਰੀ ਗੁ. ਗ੍ਰੰ. ਸਾਹਿਬ, ਪੰਨਾ 83) **ਗਉੜੀ** ਸਬੰਧੀ ਫੁਰਮਾਨ ਹੈ : "ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।। ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।। (ਉਹੀ, ਪੰਨਾ 83) **ਗੂਜਰੀ** ਸਬੰਧੀ ਫੁਰਮਾਨ ਹੈ : "ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।। ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ।। (ਉਹੀ, ਪੰਨਾ 516) **ਧਨਾਸਰੀ** ਸਬੰਧੀ ਫੁਰਮਾਨ ਹੈ : "ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।। (ਉਹੀ, ਪੰਨਾ 1419) **ਕੇਦਾਰਾ** ਸਬੰਧੀ ਫੁਰਮਾਨ ਹੈ : "ਕੇਦਾਰਾ ਰਾਗਾ ਵਿਚ ਜਾਣੀਐ ਭਾਈ ਸਬਦੇ ਕਰੇ ਪਿਆਰੁ।। ਸਤ ਸੰਗਤਿ ਸਿਉ ਮਿਲਦੈ ਰਹੈ ਸਚੇ ਧਰੇ ਪਿਆਰ।। (ਉਹੀ, ਪੰਨਾ 1087) **ਮਲਾਰ** ਸਬੰਧੀ ਫੁਰਮਾਨ ਹੈ : "ਮਲਾਰ ਸੀਤਲ ਰਾਗੁ ਹੈ ਹਰਿ ਧਿਆਈਐ ਸਾਂਤਿ ਹੋਇ।। (ਉਹੀ, ਪੰਨਾ 1283)

ਇਸ ਤਰ੍ਹਾਂ ਇਹ ਫੁਰਮਾਨ ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਅਤੇ ਅਧਿਐਨਕਾਰਾਂ ਲਈ ਵਿਲੱਖਣ ਰਾਗ ਸਰੋਤ ਵੀ ਹਨ ਜਿਨ੍ਹਾਂ ਦੇ ਆਧਾਰ ਤੇ ਗੁਰਮਤਿ ਸੰਗੀਤ ਦੀ ਰਾਗ ਧਿਆਨ ਪਰੰਪਰਾ ਨੂੰ ਪੁਨਰ ਸੁਰਜੀਤ ਕੀਤਾ ਜਾ ਸਕਦਾ ਹੈ। ਇਸ ਸਬੰਧ ਵਿਚ 2010 ਵਿਚ ਸੱਤਵੇਂ ਗੁਰਮਤਿ ਸੰਗੀਤ ਉਤਸਵ ਦੌਰਾਨ ਪੰਜਾਬੀ ਯੂਨੀਵਰਸਿਟੀ ਵਲੋਂ ਰਾਜਸਥਾਨੀ ਮੀਨੀਏਚਰ ਪੇਟਿੰਗ ਦੇ ਕਲਾਕਾਰਾਂ ਦੇ ਸਹਿਯੋਗ ਨਾਲ ਗੁਰਬਾਣੀ ਰਾਗ ਧਿਆਨ ਚਿੱਤਰਮਾਲਾ ਤਿਆਰ ਕਰਵਾਉਣ ਦਾ ਯਤਨ ਵੀ ਕੀਤਾ ਗਿਆ ਹੈ ਜੋ ਗੁਰਮਤਿ ਸੰਗੀਤ ਵਿਚ ਗੁਰੂ ਅਮਰਦਾਸ ਜੀ ਦੇ ਭਰਪੂਰ ਤੇ ਵਿਲੱਖਣ ਯੋਗਦਾਨ ਆਭਾਰ ਤੇ ਸ਼ਰਧਾਂਜਲੀ ਹੈ। ਨਿਸ਼ਚੇ ਹੀ ਇਸ ਨਾਲ ਗੁਰਮਤਿ ਸੰਗੀਤ ਤੇ ਅਧਾਰਤ ਇਕ ਵੱਖਰੀ ਚਿੱਤਰਸ਼ੈਲੀ ਆਉਣ ਵਾਲੇ ਸਮੇਂ ਵਿਚ ਪ੍ਰਤੱਖ ਹੋਵੇਗੀ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਬਾਬਾਣੇ ਘਰ ਚਾਨਣ ਲਹਿਣਾ

ਡਾ. ਕੰਵਲਜੀਤ ਸਿੰਘ

ਭਾਈ ਲਹਿਣਾ ਦੇ ਰੂਪ ਗੁਰੂ ਨਾਨਕ ਪਾਤਸ਼ਾਹ ਚਰਨ-ਛੋਹ ਪ੍ਰਾਪਤ ਕਰਕੇ ਰਹਿਤ ਵਿਚ ਰਹਿੰਦਿਆਂ ਨਿਮਰਤਾ ਅਤੇ ਸੇਵਾ ਦੇ ਧਾਰਨੀ ਹੋ 'ਕੇ ਗੁਰੂ ਘਰ ਦੀ ਸੇਵਾ ਵਿਚ ਲੀਨ ਇਕ ਸਾਧਾਰਨ ਸੇਵਕ ਵੀ'ਗੁਰੂ-ਪਦਵੀ' ਪਾ ਸਕਦਾ ਹੈ, ਇਸ ਦਾ ਉੱਲੇਖ ਕਰਦਿਆਂ ਭਾਈ ਗੁਰਦਾਸ ਲਿਖਦੇ ਹਨ:

ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰ ਕਹਣਾ ।
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤਿ ਵਿਚਿ ਰਹਣਾ ।
ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਚਮਾਦੁ ਸਮਹਣਾ ।
ਅਪਿਉ ਪੀਅਣ ਨਿਝਰੁ ਝਰਣੁ ਅਜਰੁ ਜਰਣੁ ਅਸਹੀਅਣੁ ਸਹਣਾ ।
ਸਚੁ ਸਮਾਣਾ ਸਚੁ ਵਿਚਿ ਗਾਢੀ ਰਾਹੁ ਸਾਧਸੰਗਿ ਵਹਣਾ ।
ਬਾਬਾਣੈ ਘਰਿ ਚਨੁਣ ਲਹਣਾ ॥6॥

ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਉਂ ਭਾਈ ਲਹਿਣਾ ਸੀ। ਉਨ੍ਹਾਂ ਦੇ ਪਿਤਾ ਭਾਈ ਫੇਰੂ ਮੱਲ ਇਕ ਧਾਰਮਿਕ ਖ਼ਿਆਲਾਂ ਦੇ ਵਿਅਕਤੀ ਸਨ। ਪਿੰਡ ਵਿਚ ਹੀ ਇਕ ਦੁਕਾਨ ਕਰਦੇ ਸਨ। ਮਾਤਾ ਵੈਸ਼ਨੂੰ ਦੇਵੀ ਦੇ ਭਗਤ ਸਨ ਅਤੇ ਹਰ ਸਾਲ ਆਪਣੇ ਸੰਗੀ ਸਾਥੀ ਨਾਲ ਲੈ 'ਕੇ ਮਨਸਾ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ। ਮਾਤਾ ਰਾਮੋ ਨੇ 31 ਮਾਰਚ 1504 ਈ. ਮੁਤਾਬਿਕ 5 ਵੈਸਾਖ 1561 ਬਿਕਰਮੀ ਨੂੰ ਮੱਤੇ ਕੀ ਸਰਾਂ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਇਸ ਬਾਲਕ ਨੂੰ ਜਨਮ ਦਿੱਤਾ। ਧਰਮ ਦੀ ਗੁੜ੍ਹਤੀ ਭਾਈ ਲਹਿਣਾ ਨੂੰ ਮਾਤਾ ਦੀਆਂ ਲੋਰੀਆਂ ਦੇ ਨਾਲ ਨਾਲ ਹੀ ਮਿਲਦੀ ਰਹੀ। ਮੱਤੇ ਕੀ ਸਰਾਂ ਪਿੰਡ ਵਰਤਮਾਨ ਸਮੇਂ ਜ਼ਿਲ੍ਹਾ ਮੁਕਤਸਰ ਅਧੀਨ ਆਉਂਦਾ ਹੈ। ਗੁਰੂ ਸਾਹਿਬ ਦਾ ਜਨਮ ਇਸ ਪਿੰਡ ਤੋਂ 400 ਕਦਮ ਪੂਰਬ ਥੇਹ ਉੱਤੇ ਹੋਇਆ ਸੀ। ਇਸ ਜਗ੍ਹਾ 'ਤੇ 'ਗੁਰਦਵਾਰਾ ਜਨਮ ਅਸਥਾਨ' ਮੌਜੂਦ ਹੈ। ਇੱਥੇ ਹਰ ਸਾਲ ਵੈਸਾਖੀ ਵਾਲੇ ਦਿਨ ਸੰਗਤਾਂ ਇਕੱਠੀਆਂ ਹੁੰਦੀਆਂ ਹਨ ਤੇ ਭਾਰੀ ਮੇਲਾ ਲਗਦਾ ਹੈ। ਹੁਣ ਇਸ ਪਿੰਡ ਦਾ ਨਾਉਂ 'ਨਾਂਗੇ ਕੀ ਸਰਾਂ' ਲਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇੱਥੇ ਆ ਵਸੇ ਇਕ ਨਾਗਾ ਸਾਧੂ ਦੇ ਪ੍ਰਭਾਵ ਹੇਠ ਇਸ ਪਿੰਡ ਨੂੰ ਲੋਕ 'ਨਾਂਗੇ ਕੀ ਸਰਾਂ' ਕਹਿਣ ਲਗ ਪਏ। ਭਾਈ ਲਹਿਣਾ ਦੀ ਮਾਤਾ ਦਾ ਨਾਂ ਕਈ ਲਿਖਤਾਂ ਵਿਚ ਸਭਰਾਈ, ਮਨਸਾ ਦੇਵੀ, ਦਇਆ ਕੌਰ ਆਦਿ ਵੀ ਲਿਖਿਆ ਮਿਲਦਾ ਹੈ।

ਕੁਝ ਪਰਵਾਰਕ ਕਾਰਨਾਂ ਕਰ 'ਕੇ ਇਹ ਪਰਵਾਰ ਖਡੂਰ ਸਾਹਿਬ ਆ ਵਸਿਆ। ਇਸ ਦੌਰਾਨ ਭਾਈ ਲਹਿਣਾ ਦਾ ਵਿਆਹ ਦੇਵੀ ਚੰਦ ਖੱਤਰੀ ਦੀ ਬੇਟੀ ਬੀਬੀ ਖੀਵੀ ਨਾਲ ਹੋਇਆ ਜੋ ਖਡੂਰ ਸਾਹਿਬ ਤੋਂ ਦੋ ਕੋਹ ਦੇ ਫ਼ਾਸਲੇ ਪਿੰਡ ਸੰਘਰ ਦੇ ਰਹਿਣ ਵਾਲੇ ਸਨ। ਆਪ ਦੇ ਦੋ ਸਪੁੱਤਰ ਦਾਸੂ ਤੇ ਦਾਤੂ ਅਤੇ ਦੋ ਸਪੁੱਤਰੀਆਂ ਅਮਰੋ ਤੇ ਅਨੋਖੀ ਸਨ।

1532 ਈ. ਨੂੰ ਵੈਸ਼ਨੋ ਦੇਵੀ ਦੀ ਯਾਤਰਾ 'ਤੇ ਜਾਂਦਿਆਂ ਰਸਤੇ ਵਿਚ ਕਰਤਾਰਪੁਰ ਵਿਖੇ ਗੁਰੂ ਨਾਨਕ ਜੀ ਨਾਲ ਮਿਲਣਾ ਹੋਇਆ। ਬਾਬੇ ਨਾਨਕ ਜੀ ਦੀ ਨਿਮਰਤਾ ਅਤੇ ਪਿਆਰ ਦੀ ਦ੍ਰਿਸ਼ਟੀ ਦਾ ਅਸਰ

ਹੋਇਆ। ਭਾਈ ਲਹਿਣਾ ਗੁਰੂ ਨਾਨਕ ਪਾਤਸ਼ਾਹ ਦੀਆਂ ਸਿੱਖਿਆਵਾਂ ਅਤੇ ਸ਼ਖ਼ਸੀਅਤ ਤੋਂ ਐਨਾ ਪ੍ਰਭਾਵਿਤ ਹੋਏ ਕਿ ਆਪਣੇ ਨਾਲ ਆਈਆਂ ਸੰਗਤਾਂ ਨੂੰ ਕਹਿਣ ਲੱਗੇ ਕਿ ਹੁਣ ਅੱਗੇ ਯਾਤਰਾ 'ਤੇ ਜਾਣ ਦੀ ਲੋੜ ਨਹੀਂ। ਅਸਲ ਠਿਕਾਣਾ ਮਿਲ ਗਿਆ ਹੈ। ਇਸ ਸਬੰਧੀ ਅਨੇਕ ਸਾਖੀਆਂ ਪ੍ਰਚਲਿਤ ਹਨ। ਗੁਰੂ ਘਰ ਵਿਚ ਰਹਿ ਕੇ ਭਾਈ ਲਹਿਣਾ ਜੀ ਨੇ ਅਣਥੱਕ ਸੇਵਾ ਕੀਤੀ। ਅਨੇਕ ਅਜਿਹੇ ਮੌਕੇ ਆਏ ਜਦੋਂ ਭਾਈ ਲਹਿਣਾ ਜੀ ਆਪਣੀ ਸੇਵਾ, ਕਿਰਦਾਰ ਅਤੇ ਗੁਰੂ ਪ੍ਰਤਿ ਵਿਸ਼ਵਾਸ ਵਿਚ ਪੂਰੇ ਉੱਤਰੇ। ਆਪ ਦੀ ਸੇਵਾ, ਸਿਦਕ ਅਤੇ ਹਲੀਮੀ ਤੋਂ ਪ੍ਰਭਾਵਿਤ ਹੋ 'ਕੇ 7 ਸਤੰਬਰ 1539 ਈ. ਵਿਚ ਕਰਤਾਰਪੁਰ ਸਾਹਿਬ ਵਿਖੇ ਆਪ ਨੂੰ ਗੁਰਗੱਦੀ ਦੀ ਬਖ਼ਸ਼ੀਸ਼ ਪ੍ਰਾਪਤ ਹੋਈ। ਗੁਰੂ ਸਾਹਿਬ ਦੀ ਸੇਵਾ ਅਤੇ ਨਿਮਰਤਾ ਦਾ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 966 'ਤੇ ਦਰਜ ਰਾਮਕਲੀ ਦੀ ਵਾਰ ਤੋਂ ਮਿਲਦਾ ਹੈ।

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

- ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥
ਕਉਣੁ ਹਾਰੇ ਕਿਨਿ ਉਵਟੀਐ ॥ 2 ॥

------

ਕੁਦਰਤਿ ਅਹਿ ਵੇਕਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥
ਲਹਿਣੇ ਧਰਿਓਨ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥

ਇਸ ਪ੍ਰਥਾਇ ਭਾਈ ਗੁਰਦਾਸ ਪਹਿਲੀ ਵਾਰ ਦੀ 46ਵੀ ਪਉੜੀ ਵਿਚ ਲਿਖਦੇ ਹਨ:

ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੋਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੈ ਪੁਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ ।

ਇਤਿਹਾਸਿਕ ਵੇਰਵਿਆਂ ਅਨੁਸਾਰ ਭਾਈ ਲਹਿਣਾ, ਮਰਦਾਨਾ ਜੀ ਦੇ ਸਪੁੱਤਰ ਭਾਈ ਸਜਾਦਾ ਨਾਲ ਕਰਤਾਰਪੁਰ ਵਿਖੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ। ਅੱਜ ਵੀ ਰਾਗ ਆਸਾ ਅਧੀਨ ਮਹਲਾ ਦੂਜਾ

ਦੇ ਸਿਰਲੇਖ ਅਧੀਨ ਗੁਰੂ ਅੰਗਦ ਜੀ ਵੱਲੋਂ ਉਚਾਰੇ ਗਏ ਸਲੋਕ 'ਕੀਰਤਨੀ ਆਸਾ ਦੀ ਵਾਰ' ਦਾ ਅਭਿੰਨ ਅੰਗ ਹਨ। ਗੁਰੂ ਸਾਹਿਬ ਨੇ 10 ਰਾਗਾਂ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਬਸੰਤ, ਰਾਮਕਲੀ, ਮਾਰੂ, ਸਾਰੰਗ ਅਤੇ ਮਲਾਰ ਵਿਚ ਬਾਣੀ ਉਚਾਰੀ। ਇਹ ਸਾਰੀ ਬਾਣੀ ਸਲੋਕਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਬਾਣੀ ਲਈ ਪ੍ਰਯੋਗ ਹੋਏ ਹਰ ਰਾਗ ਵਿਚੋਂ ਇਕ ਇਕ ਸਲੋਕ ਦਿੱਤਾ ਜਾ ਰਿਹਾ ਹੈ।

1) ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ (ਸਿਰੀ ਰਾਗ)
2) ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ (ਮਾਝ ਰਾਗ)
3) ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥ (ਆਸਾ ਰਾਗ)
4) ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ 2 ॥ (ਸੋਰਠਿ ਰਾਗ)
5) ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ 3 ॥ (ਸੂਹੀ ਰਾਗ)
6) ਨਾਨਕ ਤਿਨਾ ਬਸੰਤੁ ਹੈ ਜਿਨ੍ਹ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥ 2 ॥ (ਬਸੰਤ ਰਾਗ)
7) ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥ (ਰਾਮਕਲੀ ਰਾਗ)
8) ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥ 1 ॥ (ਮਾਰੂ ਰਾਗ)
9) ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਹਿਬੁ ਏਕੁ ॥ (ਸਾਰੰਗ ਰਾਗ)
10) ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵਞੈ ਰੋਗਾ ਘਾਣਿ ॥ (ਮਲਾਰ ਰਾਗ)
ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ। (ਮਲਾਰ ਰਾਗ)

ਗੁਰੂ ਅੰਗਦ ਦੇਵ ਜੀ ਨੇ ਜਿੱਥੇ ਗੁਰਸਿੱਖੀ ਤੇ ਗੁਰ ਸਿਧਾਂਤ ਦਾ ਪ੍ਰਚਾਰ ਕੀਤਾ ਉੱਥੇ ਗੁਰੂ ਨਾਨਕ ਦੇਵ

ਜੀ ਦੀਆਂ ਸਿੱਖਿਆਵਾਂ ਦ੍ਰਿੜ੍ਹ ਕਰਵਾਉਂਦੇ ਹੋਏ ਸਿੱਖੀ ਜੀਵਨ ਦੀ ਜਾਚ ਪਰਪੱਕ ਕਰਵਾਈ। ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਸੰਕਲਿਤ ਕਰਵਾਇਆ। ਪੰਜਾਬੀ ਲਿਪੀ ਨੂੰ ਪ੍ਰਚਲਿਤ ਕੀਤਾ। ਲੰਗਰ ਦੀ ਮਰਿਆਦਾ ਨੂੰ ਪੱਕਿਆਂ ਕੀਤਾ। 29 ਮਾਰਚ 1552 ਨੂੰ 48 ਵਰ੍ਹਿਆਂ ਦੀ ਆਰਜਾ ਭੋਗ 'ਕੇ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

ਗੁਰੂ ਅੰਗਦ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਦੇ ਮੌਕੇ 'ਤੇ 2004 ਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬੀ ਯੂਨੀਵਰਸਿਟੀ ਨਾਲ ਮਿਲ ਕੇ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਦਾ ਰਾਗਾਤਮਿਕ ਗਾਇਨ ਮਿਲੇ ਤੋਂ ਰਿਕਾਰਡ ਕਰਵਾ 'ਕੇ ਰੀਲੀਜ਼ ਕਰਵਾਇਆ ਗਿਆ ਸੀ। ਇਹ ਇਕ ਇਤਿਹਾਸਿਕ ਰਿਕਾਰਡਿੰਗ ਸੀ ਜੋ ਗੁਰਮਤਿ ਸੰਗੀਤ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਲੇਖਕ ਨੂੰ ਵੀ ਇਸ ਇਤਿਹਾਸਿਕ ਕਾਰਜ ਲਈ ਬਤੌਰ ਸੰਗੀਤ ਨਿਰਦੇਸ਼ਕ ਕਾਰਜ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹੀਂ ਦਿਨੀਂ ਮੈਂ ਖ਼ਾਲਸਾ ਕਾਲਜ ਪਟਿਆਲਾ ਵਿਖੇ ਸੰਗੀਤ ਦਾ ਪ੍ਰੋਫੈਸਰ ਸੀ। ਇਸ ਰਿਕਾਰਡਿੰਗ ਦੌਰਾਨ ਮੈਨੂੰ ਲਗਭਗ ਦੋ ਮਹੀਨੇ ਟੀ-ਸੀਰੀਜ਼ ਦੇ ਦਿੱਲੀ ਸਟੂਡੀਓਜ਼ ਵਿਖੇ ਰਿਕਾਰਡਿੰਗ ਦੇ ਨਾਲ ਨਾਲ ਮਿਕਸਿੰਗ ਅਤੇ ਐਡਿਟਿੰਗ ਦਾ ਕਾਰਜ ਕਰਨ ਦਾ ਮੌਕਾ ਮਿਲਿਆ। ਇਸ ਰਿਕਾਰਡਿੰਗ ਵਿਚ ਸਿੱਖ ਪੰਥ ਦੇ ਸਿਰਮੌਰ ਗੁਰਮਤਿ ਸੰਗੀਤਾਚਾਰੀਆ ਪਦਮਸ੍ਰੀ ਪ੍ਰੋਫੈਸਰ ਕਰਤਾਰ ਸਿੰਘ, ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ, ਡਾ. ਗੁਰਨਾਮ ਸਿੰਘ, ਭਾਈ ਸਰਬਜੀਤ ਸਿੰਘ ਰੰਗੀਲਾ ਦੁਰਗ ਵਾਲੇ ਆਦਿ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਗਈ ਸੀ।

ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਿਰਮੌਰ ਕੀਰਤਨੀਆਂ : ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ

ਪ੍ਰੋ. ਹਰਭਜਨ ਸਿੰਘ ਧਾਰੀਵਾਲ

ਵੀਹਵੀਂ ਅਤੇ ਇੱਕਵੀਂ ਸਦੀ ਦੇ ਮਹਾਨ ਚਿੰਤਕ,ਲੇਖਕ ਅਤੇ ਸਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਦਾ ਜਨਮ 12 ਅਪ੍ਰੈਲ 1956 ਨੂੰ ਗਿਆਨੀ ਚੰਨਣ ਸਿੰਘ ਤੇ ਮਾਤਾ ਗੁਰਦੇਵ ਕੌਰ ਦੇ ਘਰ ,ਫਿਰੋਜਪੁਰ ਜ਼ਿਲ੍ਹੇ ਦੇ ਪਛੜੇ ਇਲਾਕ ਦੇ ਪਿੰਡ ਜੰਡਵਾਲਾ ਭੀਮੇ ਸ਼ਾਹ ਵਿੱਖੇ ਹੋਇਆ।ਆਪ ਦੀ ਮੁਢਲੀ ਪੜ੍ਹਾਈ ਨਾਨਕੇ ਪਿੰਡ ਦੇ ਸਕੂਲ ਵਿੱਚ ਹੋਈ।1968 ਵਿੱਚ ਆਪ ਜਲੰਧਰ ਜਿਲ੍ਹੇ ਦੇ ਪਿੰਡ ਮੰਡਾਲਾ ਆ ਕੇ ਪਿਤਾ ਜੀ ਨਾਲ ਖੇਤੀ ਬਾੜੀ ਦੇ ਕੰਮਾਂ ਵਿਚ ਹੱਥ ਵਟਾਉਣ ਲੱਗੇ।ਬਾਲਕ ਨਿਰਮਲ ਸਿੰਘ ਰੇਡੀਓ ਤੋਂ ਜਗਤ ਸਿੰਘ ਜੱਗਾ,ਲਾਲ ਚੰਦ ਯਮਲਾ ਅਤੇ ਨਰਿੰਦਰ ਬੀਬਾ ਦੇ ਗੀਤ ਸੁਣਦਾ ਤੇ ਗਾਉਂਦਾ ਰਹਿੰਦਾ।ਆਪ ਨੂੰ ਗਾਉਣ ਦੀ ਚੇਟਕ ਲਾਗਲੇ ਪਿੰਡਾਂ ਵਿੱਚ ਵਜਦੇ ਤਵਿਆਂ ਵਾਲੇ ਰਿਕਾਡਾਂ ਤੋਂ ਲੱਗੀ।ਪਾਕਿਸਤਾਨ ਰੇਡੀਓ ਦੇ ਸੰਗੀਤ ਦੇ ਪ੍ਰੋਗਰਾਮ ਸ਼ੌਕ ਨਾਲ ਸੁਣਦੇ ਸਨ।

ਸੰਨ 1974 ਵਿੱਚ ਆਪ ਨੇ ਆਪਣੇ ਚਾਚਾ ਜੀ ਦੀ ਪ੍ਰੇਰਨਾਂ ਸਦਕਾ ਕੀਰਤਨ ਦੀ ਸਿੱਖਲਾਈ ਲਈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਦਾਖਲਾ ਲੈ ਲਿਆ।ਘਰ ਵਿੱਚ ਅੱਤ ਦੀ ਗ਼ਰੀਬੀ ਸੀ।ਆਪ ਜੀ ਦੀ ਮਾਤਾ ਨੇ ਕਿਰਾਏ ਅਤੇ ਲੀੜੇ ਲੱਤੇ ਲੈਣ ਲਈ ਆਪਣੀ ਸੋਨੇ ਦੀ ਮੁੰਦਰੀ ਵੇਚਣ ਲਈ ਦੇ ਦਿੱਤੀ।ਕਾਲਜ ਵਿੱਚ ਪ੍ਰੋ. ਅਵਤਾਰ ਸਿੰਘ ਨਾਜ਼ ਦੀ ਰਹਿਨੁਮਾਈ ਵਿੱਚ ਕਠਿਨ ਮਿਹਨਤ ਕੀਤੀ।ਦੋ ਸਾਲਾ ਕੀਰਤਨ ਕੋਰਸ ਮੁਕੰਮਲ ਕਰਨ ਮਗਰੋਂ ਆਪ ਨੂੰ ਗੁਰਮਤਿ ਵਿਦਿਆਲਾ ਰਿਸ਼ਕੇਸ ਵਿੱਖੇ ਬਤੌਰ ਪ੍ਰੋਫੈਸਰ ਨੌਕਰੀ ਮਿਲ ਗਈ।ਕੁਝ ਸਮਾਂ ਆਪ ਨੇ ਗੁਰਮਤਿ ਵਿਦਿਆਲਾ ਬੁਢਾ ਜੌੜ ਰਾਜਸਥਾਨ ਵਿੱਖੇ ਵੀ ਬਤੌਰ ਪ੍ਰੋਫੈਸਰ ਸੇਵਾ ਨਿਭਾਈ ਜਿਸ ਤੋਂ ਆਪ ਸ਼ੰਤੁਸਟ ਨਾ ਹੋ ਸਕੇ ਕਿਉਂ ਕਿ ਆਪ ਦੀ ਤੀਵਰ ਇੱਛਾ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਦੀ ਸੀ।

ਸੰਨ 1979 ਵਿੱਚ ਆਪ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਦੇ ਜਥੇ ਵਿੱਚ ਬਤੌਰ ਸਹਾਇਕ ਰਾਗੀ ਨਿਯੁਕਤ ਹੋ ਗਏ।ਸੰਨ 1986 ਵਿੱਚ ਆਪ ਨੇ ਆਪਣਾਂ ਜਥਾ ਬਣਾਂ ਲਿਆ ਤੇ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਕਰਨ ਲੱਗ ਪਏ।ਜਥੇ ਵਿੱਚ ਭਾਈ ਦਰਸ਼ਨ ਸਿੰਘ ਸਹਾਇਕ ਰਾਗੀ ਅਤੇ ਅਤੇ ਭਾਈ ਕਰਤਾਰ ਸਿੰਘ ਵਡਾਲੀ ਸੇਵਾ ਕਰਦੇ ਸਨ।ਲੱਗਭਗ ਆਪ ਨੇ 40 ਸਾਲ ਹਰਿਮੰਦਰ ਸਾਹਿਬ ਵਿਖੇ ਸੇਵਾ ਕੀਤੀ।

ਗੁਰਬਾਣੀ ਨੂੰ ਨਿਰਧਾਰਤ ਮੁੱਖ 31 ਰਾਗਾਂ ਵਿੱਚ ਗਾਇਨ ਕਰਨ ਦੀ ਆਪ ਨੂੰ ਮੁਹਾਰਿਤ ਹਾਸਿਲ ਸੀ।ਇੱਸ ਤੋਂ ਇਲਾਵਾ ਭਾਰਤੀ ਸੰਗੀਤ ਦੇ ਰਾਗ ਮਾਲਕੌਂਸ,ਬਾਗੇਸ਼੍ਰੀ,ਅਹੀਰ ਭੈਰਵ,ਪੀਲੂ, ਪਟਦੀਪ,ਮਾਰਵਾ ਅਤੇ ਦੇਸਕਾਰ ਆਦਿ ਰਾਗਾਂ ਵਿੱਚ ਸ਼ਬਦ ਰੀਤਾਂ ਬਾਖੂਬੀ ਨਾਲ ਗਾਉਂਦੇ ਸਨ।ਆਪ ਦੀ ਆਵਾਜ਼ ਨਿੰਰਤਰ ਰਿਆਜ਼ ਰਾਹੀ ਮਾਂਜੀ ਹੋਈ,ਗੂੰਜਦਾਰ,ਗਮਕਦਾਰ,ਭਰਵੀਂ ਜ਼ੋਰਦਾਰ ਮਿੱਠੀ ਸੀ ਜੋ ਦਿਲ ਦੀਆਂ ਗਹਿਰਾਈਆਂ ਨੂੰ ਟੂੰਬਦੀ ਸੀ।ਆਪ ਵਲੋਂ ਕੀਰਤਨ ਦੌਰਾਨ ਗਮਕ,ਮੀਂਡ,ਖਟਕਾ ਤੇ ਮੁਰਕੀ ਆਦਿ ਦਾ ਪ੍ਰਯੋਗ ਉਸਤਾਦ ਕੀਰਤਨੀਏ ਹੋਣ ਦੀ ਜ਼ੋਰਦਾਰ ਹਾਮੀ ਭਰਦਾ ਹੈ।ਆਪ ਦਾ ਕੀਰਤਨ ਦੌਰਾਨ,ਮੰਗਲਾਚਰਨ,ਅਲਾਪਚਾਰੀ,ਅਤੇ ਬਹਿਲਾਵਾ ਕਰਨ ਦਾ ਢੰਗ ਨਿਵੇਕਲਾ ਤੇ ਪ੍ਰਭਾਵਸ਼ਾਲੀ ਸੀ।ਇੱਹ ਸਿਰਮੌਰ ਕੀਰਤਨੀਆਂ ਜਦੋਂ ਤੰਬੂਰਾ ਜਾਂ ਸਵਰ ਮੰਡਲ ਨਾਲ ਨਾਲ ਕੀਰਤਨ ਕਰਦਾ ਤਾਂ ਸਵਰ ਦਾ ਲਗਾਵ,ਰਾਗ ਦਾ ਸਰੂਪ,ਲਫ਼ਜਾਂ ਤੇ ਜ਼ੋਰ ਅਤੇ ਅਕਾਰ ਦੀਆਂ ਗ਼ਮਕਦਾਰ ਤਾਨਾਂ ਦੇ ਪ੍ਰਯੋਗ ਦੀ ਨੁਮਾਇਸ਼ ਲਗਾਉਂਦਾ ਤਾਂ ਭਾਰਤ ਦੇ ਸ਼ਾਸਤਰੀ ਗਾਇਕਾਂ ਨੂੰ ਮਾਤ ਪਾ ਜਾਂਦਾ।ਕੀਰਤਨ ਦੀ ਕਠਿਨ ਸ਼ੈਲੀ ਪੜਤਾਲ ਤੇ ਆਪਦੀ ਬਾਕਾਇਦਾ ਪਕੜ ਸੀ।

ਆਪ ਨੇ ਭਾਰਤ ਤੋਂ ਇਲਾਵਾ ਸੰਸਾਰ ਭਰ ਦੇ ਲੱਗਭਗ 75 ਦੇਸ਼ਾਂ ਵਿੱਚ ਆਪਣੀ ਰਸਭਿੰਨੀ ਅਵਾਜ਼ ਰਾਹੀ

ਸਿੱਖ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਸਿੱਧ ਰਿਕਾਰਡਿੰਗ ਕੰਪਨੀਆਂ ਵਲੋਂ ਆਪ ਦੇ ਕੀਰਤਨ ਦੀਆਂ ਕੈਸਿਟਾਂ,ਸੀਡੀਜ,ਡੀਵੀਡੀਜ ਅਤੇ ਵੀਡੀਓਜ ਰਿਕਾਰਡ ਕੀਤੀਆਂ ਗਈਆਂ ਜੋ ਕੀਰਤਨ ਦਾ ਅਨਮੋਲ ਖਜਾਨਾਂ ਹੈ।ਆਪ ਵਲੋਂ ਗਾਇਨ ਕੀਤੀ ਆਸਾ ਦੀ ਵਾਰ ਦੀਆਂ ਲੱਗਭਗ 60 ਲੱਖ ਕੈਸਿਟਾਂ ਦੀ ਵਿਕਰੀ ਹੋਈ।ਸੰਸਾਰ ਭਰ ਵਿੱਚ ਸਿੱਖ ਸੰਸਥਾਵਾਂ ਵਲੋਂ ਆਪ ਨੂੰ ਅਨੇਕਾਂ ਮਾਨ ਸਨਮਾਨਾਂ ਨਾਲ ਨਿਵਾਜਿਆ ਗਿਆ।ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਪਟਿਆਲਾ ਵਲੋਂ ਆਪ ਨੂੰ 'ਸ਼੍ਰੋਮਣੀ ਰਾਗੀ'ਦੀ ਉਪਾਧੀ ਨਾਲ ਸਨਮਾਨਿਆ ਗਿਆ।ਸੰਨ 2009 ਵਿੱਚ ਭਾਰਤ ਸਰਕਾਰ ਵਲੋਂ ਆਪ ਨੂੰ 'ਪਦਮਸ਼੍ਰੀ' ਦੀ ਉਪਾਧੀ ਨਾਲ ਸਨਮਾਨਿਆ ਗਿਆ।ਆਲ ਇੰਡੀਆ ਰੇਡੀਓ ਜਲੰਧਰ ਦੇ ਆਪ 'ਏ ਕਲਾਸ' ਕੀਰਤਨੀਏ ਸਨ।ਆਪ ਵਲੋਂ ਲਿਖੀਆਂ ਦੋ ਕਿਤਾਬਾਂ 'ਗੁਰਮਤਿ ਸੰਗੀਤ ਦੇ ਅਨਮੋਲ ਰਤਨ' ਅਤੇ 'ਸਿੱਖ ਕੀਰਤਨਕਾਰ ਬੀਬੀਆਂ' ਪੰਜਾਬੀ ਯੂਨੀਵਰਿਸਟੀ ਪਟਿਆਲਾ ਵਲੋਂ ਪਰਕਾਸ਼ਿਤ ਕੀਤੀਆਂ ਗਈਆਂ।ਪੰਜਾਬ ਦਾ ਹਰਿਬਲਬ ਸੰਗੀਤ ਸੰਮੇਲਨ ਸੰਨ 2020 ਨੂੰ ਕਮੇਟੀ ਵਲੋਂ ਆਪ ਨੂੰ ਸਮਰਪਿਤ ਕੀਤਾ ਗਿਆ।ਨਾਨਕ ਸ਼ਾਹ ਫ਼ਕੀਰ ਫਿਲਮ ਵਿੱਚ ਆਪ ਨੇ 6 ਸ਼ਬਦ ਗਾਇਨ ਕੀਤੇ ਸਨ।

ਫਰਵਰੀ 2020 ਨੂੰ ਸੰਸਾਰ ਭਰ ਵਿੱਚ ਕਰੋਨਾਂ ਮਹਾਂਮਾਰੀ ਦੀ ਭਿਆਨਕ ਬਿਮਾਰੀ ਫੈਲ ਗਈ ਜਿਸ ਦੀ ਲਪੇਟ ਵਿੱਚ ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਵੀ ਆ ਗਏ।ਸਰਕਾਰੀ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿੱਚ ਆਪ ਦਾ ਇਲਾਜ ਚੱਲਿਆ ਪਰ ਮੁੜ ਸਿਹਤਯਾਬ ਨਾ ਹੋ ਸਕੇ ਸਗੋਂ ਤਬੀਅਤ ਦਿਨ ਬਦਿਨ ਵਿਗੜਦੀ ਚਲੀ ਗਈ।ਇਲਾਜ਼ ਦੌਰਾਨ ਆਪ ਦੀ ਇੱਕ ਆਡੀਓ ਵਾਇਰਲ ਹੋਈ ਜਿਸ ਵਿੱਚ ਆਪ ਨੇ ਇਲਾਜ਼ ਨਾ ਕੀਤੇ ਜਾਣ ਅਤੇ ਉਣਤਾਈਆਂ ਦੇ ਦੋਸ਼ ਲਾਏ ਸਨ।ਆਖ਼ਿਰ ਆਪ 2 ਅਪ੍ਰੈਲ 2020 ਨੂੰ ਅੰਮ੍ਰਿਤ ਵੇਲੇ ਇਸ ਫ਼ਾਨੀ ਸੰਸਾਰ ਨੂੰ ਸਦਾ ਵਾਸਤੇ ਅਲਵਿਦਾ ਕਹਿ ਗਏ।ਜਿਸ ਨਾਲ ਆਪ ਦੇ ਪਰਿਵਾਰ,ਰਿਸ਼ਤੇਦਾਰਾਂ,ਦੋਸਤਾਂ,ਅਤੇ ਸੰਸਾਰ ਭਰ ਵਿੱਚ ਵਸਦੇ ਸ਼ਰਧਾਲੂਆਂ ਵਿੱਚ ਸੋਗ ਦੀ ਲਹਿਰ ਛਾ ਗਈ।ਆਪ ਦੇ ਅਕਾਲ ਚਲਾਣੇ ਮਗਰੋਂ ਆਪ ਨਾਲ ਜਾਤੀ ਵਿਤਕਰਾ ਹੋਇਆ।ਅੰਮ੍ਰਿਤਸਰ ਅਤੇ ਵੇਰਕਾ ਦੇ ਸ਼ਮਸ਼ਾਨ ਘਾਟ ਵਿੱਚ ਆਪ ਦਾ ਅੰਤਿਮ ਸੰਸਕਾਰ ਨਹੀ ਕਰਨ ਦਿੱਤਾ ਗਿਆ।ਆਖ਼ਿਰ ਇਕ ਸ਼ਰਧਾਲੂ ਨੇ ਆਪਣੀ ਜਮੀਨ ਦਿੱਤੀ ਤੇ ਵੇਰਕਾ ਤੋਂ ਅੱਗੇ ਬਟਾਲਾ ਰੋਡ ਤੇ ਨਾਜ਼ੁਕ ਹਾਲਤਾਂ ਵਿੱਚ ਆਪ ਦਾ ਅੰਤਿਮ ਸੰਸਕਾਰ ਹੋਇਆ।ਸਿੱਖ ਜਗਤ ਵਿੱਚ ਪਾਏ ਯੋਗਦਾਨ ਕਰਕੇ ਆਪ ਦਾ ਨਾਮ ਧਰੁੱਵ ਤਾਰੇ ਵਾਂਗ ਸੰਸਾਰ ਤੇ ਸਦਾ ਚਮਕਦਾ ਰਹੇਗਾ।

**ਸੀਨੀਅਰ ਰਿਸਰਚ ਫੇਲੋ**
ਨਾਦ ਮਿਊਜਿਕ ਇੰਸਟੀਟਿਊਟ, ਅਮਰੀਕਾ
# 340, ਸੰਗੀਤ ਵਿਲਾਸ, ਧਾਰੀਵਾਲ -143519
ਜ਼ਿਲ੍ਹਾ : ਗੁਰਦਾਸਪੁਰ, ਪੰਜਾਬ (ਭਾਰਤ)
ਫੋਨ: +91- 98143 49658

# ਇੱਕੀਵੀਂ ਸਦੀ ਦੇ ਪੰਜਾਬੀ ਸ਼ਾਇਰ 'ਗ੍ਰੇਵਾਲ' ਨੂੰ ਸਿਜਦਾ (ਸ਼ਰਧਾਂਜਲੀ) ।।

(ਪ੍ਰੋ. ਹਿੰਮਤ ਸਿੰਘ)

9815165069

'ਪਟਿਆਲਾ-ਸ਼ਾਹੀ' ਪ੍ਰਤਿਭਾਵਾਂ ਵਿੱਚੋਂ ਕਵੀ-ਢਾਣੀ ਦੇ ਵਰਤਮਾਨ ਮੋਹਰੀਆਂ ਵਿੱਚ ਗਿਣੇ ਜਾਣ ਵਾਲੇ ਮਿਤ੍ਰ-ਪਿਆਰੇ ਪ੍ਰੋ. ਕੁਲਵੰਤ ਸਿੰਘ, 'ਗ੍ਰੇਵਾਲ' ਦਾ ਅਚਨੇਤੀ ਵਿਛੋੜਾ ਪੰਜਾਬ ਚਿੰਤਕਾਂ, ਪੰਜਾਬੀ ਯੂਨੀਵਰਸਿਟੀ ਦੇ ਸਮੁਚੇ ਸੀਨੀਅਰ ਵਰਗ ਦੇ ਪੂਰਵ-ਵਰਤੀਆਂ ਅਤੇ ਵਿਸ਼ੇਸ਼ ਕਰਕੇ 'ਪਟਿਆਲਾ-ਸ਼ਾਹੀ' ਪਗੜੀ ਦੀ ਲਾਜ ਰੱਖਣ ਵਾਲੇ 'ਮਹਿੰਦ੍ਰੀਅਨਜ਼' ਆਦਿ ਲਈ 'ਸਦਮਾ' ਦੇ ਗਿਆ ਹੈ। ਸਦੀਵੀਂ 'ਵਿਛੋੜਾ' ਲਫਜ਼ ਦੀ ਨਜ਼ਾਕਤ ਭਾਵੇਂ ('ਗ੍ਰੇਵਾਲ' ਦੀ ਉਮਰਾਂ ਦੀ ਕਮਾਈ) ਸਾਨੂੰ ਕਦੀ ਵੀ ਮਹਿਸੂਸ ਨਹੀਂ ਹੋਣ ਦੇਵੇਗੀ, ਪਰ ਸਰੀਰਕ ਗ਼ੈਰ-ਹਾਜ਼ਰੀ ਨਿਸਚੈ ਹੀ ਮਹਿਸੂਸ ਹੁੰਦੀ ਰਹੇਗੀ।

ਇਕ ਜਾਂਦੀ-ਵਾਰ ਦਾ ਯਾਦ-ਸਹਿਮ ਇਸ 'ਵਿਛੋੜੇ' ਅਤੇ 'ਸਦਮੇ' ਦਾ ਅੰਗ ਬਣ ਗਿਆ ਹੈ। ਪਰ ਯਾਦਾਂ ਦੀ ਪੂੰਜੀ ਵਿੱਚੋਂ ਕੁਝ ਬੇਸ਼-ਕੀਮਤੀ ਘੜੀਆਂ ਮਨੁੱਖ ਨੂੰ ਢਾਰਸ ਬੰਧਾਉਂਦੀਆਂ ਰਹਿੰਦੀਆਂ ਹਨ, ਨਿਜੀ ਯਾਦਗਾਰੀ ਦੇ ਖਜ਼ਾਨੇ 'ਚੋਂ।

ਪਟਿਆਲੇ ਦੇ **'ਡੇਰਾ ਬਾਬਾ ਜੱਸਾ ਸਿੰਘ'** ਦੇ ਗੁਆਂਢ ਵਿੱਚ ਹੀ ਕਈ ਸ਼ਾਹੀ-ਯਾਦਗਾਰਾਂ-ਇਮਾਰਤਾਂ ਸਾਡੀ ਯਾਦ-ਸ਼ਕਤੀ ਦਾ ਇਕ ਅਮਿਟ ਖਜ਼ਾਨਾ ਹਨ। ਇੱਥੇ ਹੀ 'ਸ਼ਾਹੀ ਕੁੱਤਾ ਖਾਨਾ' ਦੀ ਇਮਾਰਤ ਸਾਡੀਆਂ ਯਾਦਾਂ ਵਿੱਚ ਅਜੇ ਤਕ ਕਾਇਮ ਹੈ। ਇਸ ਸਰਕਾਰੀ ਜ਼ਿੰਮੇਵਾਰੀ ਨੂੰ ਨਿਭਾਂਉਦਿਆਂ ਕੁਲਵੰਤ 'ਗ੍ਰੇਵਾਲ' ਦੇ (ਛੇ-ਫੁੱਟ ਕੱਦ ਦੇ) ਬਾਂਕੇ ਬਜ਼ੁਰਗਾਂ ਨੇ ਇਸੇ ਹੀ ਟਿਕਾਣੇ ਉਪਰ ਸਰਕਾਰੀ ਨਿਵਾਸ ਹੰਢਾਇਆ।

ਇਸ 'ਪਟਿਆਲਾ-ਸ਼ਾਹੀ' ਪਗੜੀ ਦੇ ਵਾਰਸ ਬਜ਼ੁਰਗ ਕਿਸੇ ਦੇ (ਪਿਤਾ-ਦਾਦਾ-ਨਾਨਾ) ਦੇ ਇਸ ਟਿਕਾਣੇ ਵਿਖੇ ਹੀ ਮੇਰਾ ਸੰਪਰਕ ਇਸ ਪਰਿਵਾਰ ਨਾਲ ਬਣਿਆ। ਜਿੱਥੇ ਮੈਂ ਕੁਲਵੰਤ ਮੇਰਾ ਸਪੰਰਕ ਇਸ ਪਰਿਵਾਰ ਨਾਲ ਬਣਿਆ (1959-60) ਜਿੱਥੇ ਮੈਂ ਕੁਲਵੰਤ 'ਗ੍ਰੇਵਾਲ' ਦੇ ਭਾਣਜੇ ਨੂੰ (ਉਹਦੇ ਨਾਨਕੇ ਘਰ) ਟ੍ਰੀਸ਼ਨ ਪੜ੍ਹਾਉਣ ਲਈ ਰੋਜ਼ਾਨਾ ਸਾਇਕਲ ਰਾਂਹੀ (ਲਾਹੌਰੀ ਗੇਟ, ਪਟਿਆਲਾ ਤੋਂ) ਪੁਜਦਾ ਹੁੰਦਾ ਸੀ।

ਉਸ 'ਸ਼ਾਹੀ-ਟਿਕਾਣੇ' (ਕੁੱਤਾ-ਖਾਨੇ) ਵਿਖੇ ਹੀ ਇਨ੍ਹਾਂ ਸਤਰਾਂ ਦੇ ਲੇਖਕ ਦੀ 'ਸਾਂਝ' ਗ੍ਰੇਵਾਲ ਪਰਿਵਾਰ ਨਾਲ ਅਮਿਟ ਰੂਪ ਵਿੱਚ ਪੈ ਗਈ। ਬਾਅਦ 'ਚ ਮਹਿੰਦਰਾ ਕਾਲਜੋਂ ਮੇਰੀ ਸਾਂਝ ਵਧਦੀ ਗਈ। 'ਮਹਿੰਦ੍ਰੀਅਨ' ਅਤੇ 'ਭੂਤ-ਵਾੜੀਅਨ' ਬੌਧਿਕ-ਢਾਣੀ (Intelligentia) ਨਾਲ।

ਕੁਲਵੰਤ 'ਗ੍ਰੇਵਾਲ' ਦੇ ਮਾਤਾ-ਪਿਤਾ ਇੰਨੇ ਮਿੱਠ-ਬੋਲੜੇ ਸੁਭਾਓ ਦੇ ਸਨ ਕਿ ਉਸ 'ਟ੍ਰੀਸ਼ਨ' ਕਾਰਜ ਦੌਰਾਨ ਉਹ ਪਰਿਵਾਰ (ਮਿਠਬੋਲੜੀ 'ਮਾਤਾ') ਮੂੰਹੋ-ਮੂੰਹ ਭਰੇ ਹੋਏ ਵੱਡੇ ਕੜੇਦਾਰ ਗਲਾਸ ਨੂੰ ਮੇਰੇ ਹੱਥ ਫੜਾ ਕੇ (ਆਪਣੀ ਮੱਝ ਦੇ ਘਰੇਲੂ ਦੁੱਧ ਦੇ ਕੇ) ਅਤਿ ਪ੍ਰਸੰਨ ਹੋ ਜਾਂਦੇ। ਭਲਾ ਮੈਂ ਫਿਰ (ਟ੍ਰੀਸ਼ਨ ਦੇ) ਪੈਸੇ ਕਿਵੇਂ ਮੰਗਦਾ? ਹਾਂ, ਉਹ ਖੁਦ-ਬਖੁਦ ਮੈਨੂੰ ਜ਼ਬਰਦਸਤੀ ਫੜਾ ਦਿਆ ਕਰਦੇ।

ਮੈਨੂੰ ਕੀ ਪਤਾ ਕੀ ਮੇਰੀ ਅਗਲੀ ਜ਼ਿੰਦਗੀ 'ਗ੍ਰੇਵਾਲ' ਦੇ ਪ੍ਰਛਾਵੇਂ ਨਾਲ (ਅਤੇ ਅਧਿਆਪਨ-ਅਧਿਐਨ-ਮੁਹਾਰਤ ਨਾਲ) ਇਕ-ਮਿਕ ਬਣੀ ਰਹੇਗੀ, ਯੂਨੀਵਰਸਿਟੀ ਤੋਂ ਸੇਵਾ-ਮੁਕਤੀ ਤੋਂ ਬਾਅਦ ਤੱਕ ਵੀ।

ਖੈਰ, 'ਸਕਰੌਦੀ' ਵਾਲੇ ਘਰ ਦੀ ਡਿਓਢੀ ਦੀ ਬਾਹਰਲੀ ਅਤੇ ਅੰਦਰਲੀ ਦਿਖ ਤਾਂ, ਮੇਰੇ ਵਰਗਿਆਂ ਦੇ ਅੰਤਮ ਸਾਹਾਂ ਦੀ, ਯਾਦਗਾਰੀ 'ਪੂੰਜੀ' ਬਣੀ ਰਹੇਗੀ। 'ਗ੍ਰੇਵਾਲ' ਦੇ ਇਸ ਜੱਦੀ-ਘਰ ਦੀ ਸਦਾ-ਮੱਘਦੀ 'ਰਸੋਈ' ਦੀ ਇਕ-ਇਕ ਗਿਰਾਹੀ ਅਨੰਤਾਂ ਦੀ ਭੁਖ ਠਾਰਦੀ ਰਹਿੰਦੀ ਸੀ।

'ਗ੍ਰੇਵਾਲ' ਦਾ ਪਟਿਆਲੇ ਆ ਟਿਕਣਾ ਉਹਦੀ ਵਿਵਾਹਰਕ ਅਤੇ ਘਰੋਗੀ ਮਜ਼ਬੂਰੀ ਹੀ ਬਣ ਗਈ ਸੀ ਕਿਉਂਕਿ ਮਾਂ-ਬਾਪ ਦੇ ਵਿਛੋੜੇ ਉਪਰੰਤ 'ਪਟਿਆਲਾ' ਵੀ ਤਾਂ 'ਮਾਂ-ਬਾਪ' ਦੀ ਮਿਠਾਸ ਨੂੰ ਯਾਦ ਦਵਾਉਂਦਾ ਸੀ। ਪਿੰਡ ਵਾਲਾ ਘਰ ਭੈਣ-ਭਤੀਜਿਆਂ ਆਦਿ ਨੇ ਅਤੇ ਪਟਿਆਲੇ ਦਾ ਨਿਵਾਸ 'ਗ੍ਰੇਵਾਲ-ਗ੍ਰੇਵਾਲਣ' ਦੇ ਜੰਮ-ਪਲਾਂ ਨੇ ਸੰਭਾਲ-ਸੰਵਾਰਿਆ। ਇੱਥੋਂ ਹੀ ਸਰਕ-ਰਿੜ੍ਹ ਕੇ ਗ੍ਰੇਵਾਲ-ਔਲਾਦ ਹੁਣ ਦੇਸ਼-ਵਿਦੇਸ਼ ਵਿਖੇ ਕਲਾਤਮਕ ਸਿਖਰਾਂ ਨੂੰ ਛੂਹ ਰਹੀ ਹੈ।

ਜਿਵੇਂ ਪਿਤਾ-ਗ੍ਰੇਵਾਲ (ਕੁਲਵੰਤ) ਅਧਿਐਨ-ਅਧਿਆਪਨ ਤੋਂ ਕਾਵਿ-ਸਿਰਜਣਾ ਦਾ 'ਅੰਬਰ-ਤਾਰਾ' ਕਹਾਇਆ ਉਵੇਂ ਹੀ ਪੁੱਤਰ-'ਗ੍ਰੇਵਾਲ'-ਢਾਣੀ ਵਿਸ਼੍ਵ-ਵਿਆਪੀ ਸੌਂਦਰਯ-ਸਟੇਜ ਦੇ 'ਨਾਇਕ' ਕਹਾਉਣ ਦੇ ਹਕਦਾਰ ਹੋ ਗਏ।

ਮੈਂ (ਆਪਣੇ ਲੜਕਪੰਨ ਦੇ ਯਾਰ-ਬੈਲੀ) ਕੁਲਵੰਤ 'ਗ੍ਰੇਵਾਲ' ਨੂੰ ਯਾਦ ਕਰਕੇ 'ਦੀਦੀ-ਟਿਵਾਣਾ' ਅਤੇ ਪ੍ਰੋ. ਪ੍ਰੀਤਮ ਸਿੰਘ ਦੇ 'ਭੂਤ-ਵਾੜੇ' ਦੇ ਹਰਬੰਸ 'ਬਰਾੜ', ਲਾਲੀ ਜੀ, ਗੁਰਬਖਸ਼ 'ਸੋਚ', ਨਵਤੇਜ 'ਭਾਰਤੀ' ਆਦਿ ਜਿਹੇ ਅਣਗਿਣਤਾਂ ਦੀ ਯਾਦ-ਮਹਿਕ ਦੀ ਸੁਗੰਧੀ ਨੂੰ ਸਾਂਭਦਾ ਰਹਾਂਗਾ, ਆਖਰੀ ਸਾਂਹ ਤੱਕ।

**ਰਚਨਾਵਾਂ** : (ੳ) ਅ+ਮੈਂ/ਪੂਰਨ ਸਿੰਘ

(ਅ) ਤੇਰਾ ਅੰਬਰਾਂ 'ਚ ਨਾਂ ਲਿਖਿਆ ਆਦਿ

# ਰਾਗੁ ਗਉੜੀ (ਭੈਰਵ ਥਾਟ)

ਸੁਰਲਿਪੀ ਸਰਦਾਰ ਹਰਭਜਨ ਸਿੰਘ ਚੋਪੜਾ

**ਥਾਟ :** ਭੈਰਵ॥
**ਜਾਤੀ** : ਸ਼ਾਡਵ-ਸੰਪੂਰਣ॥
**ਸਮਾਂ :** ਰਾਤ ਦਾ ਪਹਿਲਾ ਪਹਿਰ ॥
**ਵਾਦੀ ਸਵਰ** : ਰੁ ॥ **ਸੰਵਾਦੀ ਸਵਰ** : ਪ ॥
**ਆਰੋਹ :** ਸ ਰੁ ਗ ਰੁ ਮ ਪ ਨ ਸੰ॥
**ਅਵਰੋਹ :** ਸੰ ਨ ਧੁ ਮ ਪ, ਧੁ ਪ ਮ ਗ, ਗ ਰੁ ਸ ਨ਼ ਸ ॥
**ਮੁਖ ਅੰਗ :** ਮ ਧੁ ਪ ਧੁ ਮ ਪ ਗ ਮ, ਰੁ ਗ ਰੁ ਸ ਨ਼ ਸ ॥

## ਰਾਗੁ ਗਉੜੀ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | **ਅਸਥਾਈ** | | | | | |
| | | | | | | | **ਮ** | **ਮ** | **ਮ** |
| | | | | | | | ਨ | ਰ | ਅ |
| **ਗ** | **ਰੁ** | **ਸ** | **–** | **–** | **ਨ਼ ਧ਼ੁ** | **–** | **ਨ਼** | **–** | **ਸ** |
| ਚੇ | .. | ਤ | .. | .. | ਪਾ | .. | ਪ | .. | ਤੇ |
| **ਗ** | **ਰੁ** | **ਮ** | **–** | **–** | **ਗ** | **ਰੁ** | **ਸ** | **–** | **–** |
| ਛੁ | ਰ | ਰੇ | .. | .. | .. | .. | .. | .. | .. |
| **ਨ਼ ਧ਼ੁ** | **–** | **ਨ਼** | **–** | **ਧੁ–** | **ਸ** | **ਨ਼** | **ਰੁ** | **ਸ** | **ਸ** |
| ਦੀ | .. | ਨ | .. | ਦਇ | ਆ | .. | ਲ | .. | .. |
| **ਗ** | **ਗ** | **ਗ** | **–** | **ਮ** | **ਮ** | **ਗ** | **ਰੁ** | **ਸ** | **ਸ** |
| ਸ | ਗ | ਲ | .. | ਭੈ | ਭੰ | .. | ਜ | .. | ਨ |
| **ਸ** | **ਸ** | **ਮ** | **–** | **ਮ** | **ਪ** | **–** | **ਪ** | **–** | **ਧੁ** |
| ਸ | ਰ | ਨਿ | .. | ਤਾ | ਹਿ | .. | ਤੁ | .. | ਮ |
| **ਸੰ** | **ਨ** | **ਧੁ** | **ਪ** | **ਮ** | **ਗ** | **ਰੁ** | | | |
| ਪ | ਰ | ਰੇ | .. | .. | .. | .. | | | |
| | | | | **ਅੰਤਰਾ** | | | | | |
| **ਮ** | **–** | **ਪ** | **–** | **ਧੁ** | **ਨ** | **ਧੁ** | **ਸੰ** | **–** | **–** |
| ਬੇ | .. | ਦ | .. | ਪੂ | ਰਾ | .. | ਨ | .. | .. |
| **ਸੰ** | **ਸੰ** | **ਸੰ** | **–** | **ਰੁੰ** | **ਸੰ** | **ਨ** | **ਸੰ** | **–** | **ਸੰ** |
| ਜਾ | ਸ | ਗੂ | .. | ਨ | ਗਾ | .. | ਵ | .. | ਤ |
| **ਸੰ** | **ਨ** | **ਸੰ** | **ਨ** | **ਧੁ** | **ਪ** | **ਮ** | **ਗ** | **ਰੁ** | **ਸ** |
| ਤਾ | ਕੋ | ਨਾ | .. | ਮੂ | ਹੀ | ਐ | ਮੋ | .. | .. |
| **ਗ** | **ਰੁ** | **ਮ** | **–** | **–** | **ਗ** | **ਰੁ** | **ਸ** | **–** | **–** |
| ਧ | ਰ | ਰੇ | .. | .. | .. | .. | .. | .. | .. |

## ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਗਉੜੀ ਮਹਲਾ ੯ ॥

Gourree Mehalaa 9 ||

Gauri 9th Guru.

ਨਰ ਅਚੇਤ ਪਾਪ ਤੇ ਡਰੁ ਰੇ ॥

Nar Achaeth Paap Thae Ddar Rae ||

O ignorant man, dread thou the sin.

ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥

Dheen Dhaeiaal Sagal Bhai Bhanjan Saran Thaahi Thum Par Rae ||1|| Rehaao ||

Who is compassionate to the poor, and the destroyer of all dread, enter thou His sanctuary. Pause.

ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥

Baedh Puraan Jaas Gun Gaavath Thaa Ko Naam Heeai Mo Dhhar Rae ||

Within thy mind place thou the name of Him, whose praise, the Vedas and Puranas sing.

ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥

Paavan Naam Jagath Mai Har Ko Simar Simar Kasamal Sabh Har Rae ||1||

Pure is the Name of God in the world. By repeating and remembering it, thou shalt wash off all thy sins.

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥

Maanas Dhaeh Bahur Neh Paavai Kashhoo Oupaao Mukath Kaa Kar Rae ||

O man, thou shalt not, again, attain the human body. Make some effort for thy deliverance.

ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥

Naanak Kehath Gaae Karunaa Mai Bhav Saagar Kai Paar Outhar Rae ||2||9||251||

Says Nanak, sing thou the praise of the Embodiment of compassion, and cross the terrible world-ocean.

ਬਾਣੀ ਗੁਰੂ ਤੇਗ ਬਹਾਦਰ ਜੀ (ਅੰਗ 220, ਰਾਗ ਗਉੜੀ)

RNI Regd. No. 46788/89 ISSN 0972-2335

